INDIAN INSTITUTE OF ADVANCED STUDY SIMLA

**INDIAN INSTITUTE OF ADVANCED STUDY SIMLA**

Date
SIMLA

PH 491.42 S18P

31-72

# ਪੰਜਾਬੀ ਪਰਖ–ਪੜਚੋਲ

ਦਾ

## ਜਨਮ ਤੇ ਵਿਕਾਸ

ਪੰਜਾਬੀ ਵਿਚ ਪਰਖ-ਪੜਚੋਲ ਦਾ ਜਨਮ, ਪੰਦਰ੍ਹਵੀਂ ਸਦੀ ਵਿਚ, ਗੁਰੂ ਨਾਨਕ ਸਾਹਿਬ ਦੇ ਪਰਵੇਸ਼ ਨਾਲ ਹੀ ਹੋ ਗਿਆ ਸੀ। ਉਨ੍ਹਾਂ ਨੇ ਆਪਣੇ ਪੂਰਬ-ਕਾਲੀ ਤੇ ਵਰਤ–ਮਾਨ ਪੰਜਾਬੀ ਦੇ ਆਦਿ-ਕਵੀ, ਸ਼ੇਖ ਫ਼ਰੀਦ ਜੀ ਦੇ ਕੁਝ ਬਚਨਾਂ ਤੇ ਵਿਚਾਰਾਂ ਦੀ ਵਿਆਖਿਆ ਜਾਂ ਟੀਕਾ-ਟਿਪਣੀ ਕਰ ਕੇ ਇਸ ਦਾ ਮੁਢ ਬੰਨ੍ਹ ਦਿੱਤਾ। ਫ਼ਰੀਦ ਜੀ ਨੇ ਆਖਿਆ ਸੀ :—

ਤਨੁ ਤਪੈ ਤਨੂਰ ਜਿਉਂ, ਬਾਲਣੁ ਹਡ ਬਲੰਨਿ।
ਪੈਰੀ ਥਕਾਂ ਸਿਰਿ ਜੁਲਾਂ, ਜੇ ਮੂੰ ਪਿਰੀ ਮਿਲੰਨਿ। ੧੧੯

(ਸਲੋਕ ਸ਼ੇਖ ਫ਼ਰੀਦ ਕੇ)

ਸਤਿਗੁਰੂ ਨੇ ਫ਼ਰਮਾਇਆ: —

ਤਨੁ ਨ ਤਪਾਇ ਤਨੂਰ ਜਿਉ, ਬਾਲਣੁ ਹਡ ਨ ਬਾਲਿ।
ਸਿਰਿ ਪੈਰੀ ਕਿਆ ਫੇੜਿਆ, ਅੰਦਰਿ ਪਿਰੀ ਸਮਾਲਿ। ੧੮।

(ਸਲੋਕ ਵਾਰਾਂ ਤੇ ਵਧੀਕ ਮ: ੧)

ਇਉਂ ਹੀ ਸ਼ੇਖ ਜੀ ਦੇ ਮੋਹ-ਮਾਇਆ-ਵਿਹੜੀ ਵਿਅਕਤੀ ਦੀ ਨਿਰਾਸਤਾ ਤੇ ਪਛਤਾਵੇ ਨੂੰ ਉਲੀਕਦੇ ਹੇਠ-ਲਿਖੇ ਕਥਨ:—

ਬੇੜਾ ਬੰਧਿ ਨ ਸਕਿਓ, ਬੰਧਨ ਕੀ ਵੇਲਾ।
ਭਰਿ ਸਰਵਰੁ ਜਬ ਊਛਲੈ, ਤਬ ਤਰਣੁ ਦੁਹੇਲਾ।
ਹਥੁ ਨ ਲਾਇ ਕਸੁੰਭੜੈ, ਜਲਿ ਜਾਸੀ ਢੋਲਾ। ੧।

(ਸੂਹੀ ਲਲਿਤ)

ਦੀ ਸਪਸ਼ਟੀ ਤੇ ਆਪਣੀ ਵਿਚਾਰ-ਧਾਰਾ ਦੇ ਪਰਗਟਾਅ ਵਜੋਂ, ਗੁਰੂਦੇਵ ਨੇ ਸਾਂਈ-ਰੰਗ-ਰੱਤੇ ਜੀਵ ਦੇ ਆਸਾਂ-ਭਰੇ 'ਪੰਥ ਸੁਹੇਲਾ' ਨੂੰ ਚਿਤਰਦਿਆਂ ਆਖਿਆ :—

ਜਪੁ ਤਪ ਕਾ ਬੰਧੁ ਬੇੜੁਲਾ, ਜਿਤੁ ਲੰਘਹਿ ਵਹੇਲਾ।
ਨਾ ਸਰਵਰੁ ਨਾ ਊਛਲੈ, ਐਸਾ ਪੰਥੁ ਸੁਹੇਲਾ।
ਤੇਰਾ ਏਕੋ ਨਾਮੁ ਮੰਜੀਠੜੀ, ਰਤਾ ਮੇਰਾ ਚੋਲਾ, ਸਦ ਰੰਗ ਢੋਲਾ। ੧।

(ਸੂਹੀ ਮਹਲਾ ੧)

ਮਗਰੋਂ ਗੁਰੂ ਅਮਰਦਾਸ, ਗੁਰੂ ਰਾਮਦਾਸ ਤੇ ਗੁਰੂ ਅਰਜਨ ਦੇਵ ਜੀ ਨੇ ਵੀ ਫ਼ਰੀਦ ਜੀ ਦੇ ਕੁਝ ਅਜਿਹੇ ਵਿਚਾਰਾਂ ਦੀ ਵਿਆਖਿਆ ਜਾਂ ਪੜਚੋਲ ਵਜੋਂ ਕੁਝ ਸਲੋਕ ਉਚਾਰੇ। ਜਿਵੇਂ:—ਫ਼ਰੀਦ ਜੀ ਦਾ ਵਿਚਾਰ ਸੀ ਕਿ—

ਫ਼ਰੀਦਾ ਰਤੀ ਰਤੁ ਨ ਨਿਕਲੈ, ਜੇ ਤਨੁ ਚੀਰੈ ਕੋਇ।
ਜੋ ਤਨ ਰਤੇ ਰਬ ਸਿਉ, ਤਿਨ ਤਨਿ ਰਤੁ ਨ ਹੋਇ। ੫੧।

ਪਰ ਗੁਰੂ ਅਮਰਦਾਸ ਜੀ ਨੇ ਦਸਿਆ ਕਿ ਇਹ ਗੱਲ, ਸਾਡੀ ਜਾਚੇ, ਇਉਂ ਨਹੀਂ ਇਉਂ ਹੈ :—

ਇਹੁ ਤਨੁ ਸਭੋ ਰਤੁ ਹੈ, ਰਤੁ ਬਿਨ ਤਨੁ ਨ ਹੋਇ।
ਜੋ ਸਹ ਰਤੇ ਆਪਣੇ, ਤਿਤੁ ਤਨਿ ਲੋਭੁ ਰਤੁ ਨ ਹੋਇ। ੫੨।

(ਸਲੋਕ ਸ਼ੇਖ ਫ਼ਰੀਦ ਕੇ)

ਤੇਰ੍ਹਵੇਂ ਸਲੋਕ ਵਿਚ ਤਾਂ ਉਨ੍ਹਾਂ ਨੇ ਫ਼ਰੀਦ ਜੀ ਦਾ ਨਾਂ ਲੈ ਕੇ ਤੇ ਓਨ੍ਹਾਂ ਨੂੰ ਸੰਬੋਧਨ ਕਰਕੇ ਆਪਣਾ ਵਿਚਾਰ ਦਸਦਿਆਂ, ਫ਼ਰਮਾਇਆ:—

ਫ਼ਰੀਦਾ! ਕਾਲੀ ਧਉਲੀ ਸਾਹਿਬੁ ਸਦਾ ਹੈ, ਜੇ ਕੋ ਚਿਤਿ ਕਰੇਇ।
ਆਪਣਾ ਲਾਇਆ ਪਿਰਮੁ ਨ ਲਗਈ, ਜੇ ਲੋਚੈ ਸਭੁ ਕੋਇ।
ਏਹੁ ਪਿਰਮੁ ਪਿਆਲਾ ਖ਼ਸਮ ਕਾ, ਜੈ ਭਾਵੈ ਤੈ ਦੇਇ। ੧੩।

(ਸਲੋਕ ਮ: ੩)

ਗੁਰੂ ਅਰਜਨ ਸਾਹਿਬ ਨੇ ਆਦਿ ਬੀੜ ਬੰਨ੍ਹਣ ਵੇਲੇ, ਜਿਥੇ ਅਜਿਹੀਆਂ ਗੁਰ-ਟਿਪਣੀਆਂ ਨੂੰ ਫ਼ਰੀਦ ਜੀ ਦੇ ਸੰਬੰਧਤ ਸਲੋਕਾਂ ਦੇ ਨਾਲ ਹੀ ਜੋੜ ਦਿੱਤਾ, ਉਥੇ ਪ੍ਰਾਪਤ ਹੋਈ ਸਾਰੀ ਰਚਨਾ—ਗੁਰਬਾਣੀ ਤੇ ਭਗਤਬਾਣੀ—ਵਿਚੋਂ ਲੁੜੀਂਦੀ ਚੋਣ ਤੇ ਯੋਗ ਸੰਪਾਦਨ ਕਰਨ ਲਈ ਇਕ ਅਜਿਹੀ ਵਿਸ਼ੇਸ਼ ਪਰਖ-ਕਸੌਟੀ ਦੀ ਲੀਹ ਵੀ ਪਾ ਦਿੱਤੀ ਜਿਸ ਵਲ ਲੁੜੀਂਦਾ ਇਸ਼ਾਰਾ ਆਦਿ—ਗੁਰੂ ਆਪੇ ਕਰ ਗਏ ਸਨ :—

ਧੰਨੁ ਸੁ ਕਾਗਦੁ ਕਲਮ ਧੰਨੁ, ਧੰਨੁ ਭਾਂਡਾ ਧੰਨ ਮਸੁ।
ਧੰਨ ਲੇਖਾਰੀ ਨਾਨਕਾ, ਜਿਨਿ ਨਾਮ ਲਿਖਾਇਆ ਸਚੁ।

(ਵਾਰ ਮਲਾਰ ਮ: ੧)

ਉਦੋਂ ਹਿੰਦੁਸਤਾਨ ਕੀ, ਖ਼ੁਦ ਪੰਜਾਬ ਵਿਚ ਕਈ ਭਗਤਾਂ, ਸੰਤਾਂ ਤੇ ਸੂਫ਼ੀਆਂ ਦੀ ਢੇਰ ਰਚਨਾ ਮੌਜੂਦ ਸੀ। ਪਰ ਉਸ ਮਹਾਨ ਸੰਪਾਦਕ ਨੇ ਇਸ ਅਦੁੱਤੀ ਰਾਸ਼ਟਰੀ-ਗ੍ਰੰਥ ਵਿਚ ਕੇਵਲ ਉਹੀਓ ਬਾਣੀ ਸ਼ਾਮਲ ਕੀਤੀ ਜੋ ਉਕਤ ਪਰਖ-ਕਸੌਟੀ ਉਤੇ ਪੂਰੀ ਉਤਰੀ, ਜੋ ਗੁਰ-ਆਸ਼ੇ ਦੇ ਅਨੁਕੂਲ ਸੀ ਅਤੇ ਜਿਸ ਦਾ ਮੁਖ-ਮੰਤਵ ਇਕ-ਈਸ਼ਵਰਤਾ ਤੇ ਭਰਾਤੀਪੁਣੇ ਦਾ ਪਰਸਾਰ, 'ਨਾਮ ਜਪਣਾ, ਕਿਰਤ ਕਰਨੀ ਤੇ ਵੰਡ ਛਕਣਾ' ਦਾ ਪਰਚਾਰ, ਅਤੇ ਸ਼ੁਭ ਅਮਲਾਂ, ਚੜ੍ਹਦੀ ਕਲਾ ਤੇ ਪ੍ਰੇਮ-ਭਾਵ ਆਦਿ ਦਾ ਸਰਚਾਰ ਸੀ। ਉਸ ਅਦੁੱਤੀ ਪਾਰਖੂ

ਨੇ ਇਸੇ ਕਸੌਟੀ ਦੇ ਅਧਾਰ ਤੇ, ਬਾਣੀ ਚੜ੍ਹਾਉਣ ਦੀ ਫ਼ਰਮਾਇਸ਼ ਲੈ ਕੇ ਆਏ ਭਗਤ ਕਾਹਨਾ ਦੇ ਹੇਠ-ਲਿਖੇ ਵਾਕ :—

ਓਹੀ ਰੇ ਮੈਂ ਓਹੀ ਰੇ, ਜਾਕਉ ਵੇਦ ਪੁਰਾਨ ਜਸ ਗਾਵੈ,
ਖੋਜ ਦੇਖਉ ਮਤ ਕੋਈ ਰੇ ।

—ਨੂੰ ਇਹ ਕਹਿ ਕੇ ਅਪਰਵਾਨ ਕਰ ਦਿੱਤਾ ਕਿ "ਅਸੀਂ 'ਮੈਂ' ਵਿਚ ਨਹੀਂ 'ਤੂੰ' ਵਿਚ ਹੋਣਾ ਹੈ।" ਇਉਂ ਹੀ ਪੀਲੂ ਦਰਵੇਸ਼ ਦਾ ਇਹ ਬਚਨ :—

ਪੀਲੂ ਆਖੇ ਸ਼ਾਇਰਾ ! ਕਿਤ ਵਲ ਗਿਆ ਜਹਾਨ ?
ਬਹਿ ਬਹਿ ਗਈਆਂ ਮਜਲਸਾਂ, ਲਗ ਲਗ ਗਏ ਦੀਵਾਨ ।
ਪੀਲੂ ਅਸਾਂ ਨਾਲੋਂ ਸੇ ਭਲੇ, ਜੋ ਜੰਮਦਿਆਂ ਮਰ ਗਏ,
ਉਨ੍ਹਾਂ ਚਿਕੜ ਪਾਉਂ ਨ ਬੋੜਿਆ, ਨਾ ਆਲੂਦ ਭਏ ।

ਸੁਣ ਕੇ ਫ਼ਰਮਾਇਆ, "ਸਾਡਾ ਮਤ ਆਸ਼ਾਵਾਦੀ ਹੈ, ਇਹ ਨਿਰਾਸਤਾ ਵਿਚ ਨਿਸਚਾ ਨਹੀਂ ਰਖਦਾ । ਇਸ ਦਾ ਮੰਤਵ 'ਹਸੰਦਿਆਂ ਖੇਡੰਦਿਆਂ ਪੈਨੰਦਿਆਂ,' ਹੀ ਮੁਕਤੀ ਪ੍ਰਾਪਤ ਕਰਨਾ ਹੈ ।" ਇੰਨ ਬਿੰਨ ਇਸੇ ਤਰ੍ਹਾਂ ਉਨ੍ਹਾਂ ਨੇ ਛੱਜੂ ਭਗਤ ਦੀ ਇਸ ਪਰਕਾਰ :—

ਕਾਗਦ ਸੰਦੀ ਪੁਤਲੀ, ਤਉ ਨ ਤ੍ਰਿਆ ਨਿਹਾਰ ।
ਯੌਹੀ ਮਾਰ ਲਿਜਾਵਹੀ, ਜਥਾ ਬਲੋਚਨ ਧਾੜ ।

ਦੀ ਰਚਨਾ ਨੂੰ ਥਾਂ ਦੇਣ ਤੋਂ ਨਾਂਹ ਕਰ ਦਿੱਤੀ ਜਿਸ ਵਿਚ, ਹੋਰ ਤਾਂ ਹੋਰ, ਮਨੁੱਖ ਦੀ ਅਰਧ-ਅੰਗੀ ਭਾਵ ਇਸਤ੍ਰੀ-ਜਾਤੀ ਨੂੰ ਇਉਂ ਨਿਖੇਦਿਆ ਹੋਇਆ ਸੀ, ਜਦ ਕਿ ਆਦਿ-ਗੁਰੂ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਦਾ ਏਲਾਨ ਕਰਨ ਤੋਂ ਛੁੱਟ, ਸਿੱਖੀ ਨੂੰ ਗਰਿਸਤ ਤੇ ਕਰਮ-ਯੋਗ ਦਾ ਮਾਰਗ ਵੀ ਦਸ ਗਏ ਸਨ। ਇਉਂ ਹੀ ਰੱਬ ਨਾਲ ਵੀ ਸ਼ਰੀਕਾ ਕਰਨ ਵਾਲੇ ਸੂਫ਼ੀ ਕਵੀਆਂ ਦੀ ਰਚਨਾ ਨੂੰ ਆਪਣੀ ਵਿਤੋਂ ਤੇ ਆਸ਼ਿਉਂ-ਬਾਹਰੀ ਸਮਝਦਿਆਂ, ਸ਼ਾਹ ਹੁਸੈਨ ਦਾ ਹੇਠ-ਲਿਖਿਆ ਬਚਨ :—

ਚੁਪ ਵੇ ਅੜਿਆ, ਚੁਪ ਵੇ ਅੜਿਆ !
ਬੋਲਣ ਦੀ ਨਹੀਂ, ਜਾ ਵੇ ਅੜਿਆ !......

ਸੁਣਦਿਆਂ ਹੀ ਅਪਰਵਾਨ ਕਰ ਦਿੱਤਾ । ਇਹ ਆਦਰਸ਼ਕ ਪਰਖ-ਕਸੌਟੀ ਅਤੇ ਗੰਭੀਰ ਤੇ ਭਾਵ-ਪੂਰਤ ਟੀਕਾ-ਟਿਪਣੀ ਇਕ ਆਲੋਚਕ ਤੇ ਪਾਰਖੂ ਦਿਲ-ਦਿਮਾਗ਼ ਦੀ ਹੀ ਸੂਚਕ ਹੈ ।

ਜਿਵੇਂ ਕਿ ਪਰਤੱਖ ਹੈ, ਗੁਰੂ ਗ੍ਰੰਥ ਸਾਹਿਬ ਦੀ ਰਚਨਾ ਤੇ ਸੰਪਾਦਨ ਵਿਚ ਵਿੱਦਤ ਪਰਖ-ਪੜਚੋਲ ਦਾ ਘੇਰਾ ਕੇਵਲ ਵਿਸ਼ੈ-ਵਸਤੂ ਤਕ ਹੀ ਸੀਮਤ ਸੀ । ਉਨ੍ਹਾਂ ਦੇ ਸਮਕਾਲੀ, ਮੌਲਵੀ ਮੁਹੰਮਦ ਅਬਦੁਲਾ 'ਅਬਦੀ' (ਅਕਬਰ-ਔਰੰਗਜ਼ੇਬ ਦਾ ਸਮਕਾਲੀ), ਦੀ ਹੇਠ ਲਿਖੀ ਪਰਖ-ਕਸੌਟੀ ਵੀ ਇਸੇ ਗੱਲ ਦੀ ਸਾਖ ਭਰਦੀ ਹੈ । ਉਨ੍ਹਾਂ ਨੇ ਤਾਂ 'ਇਲਮ ਤੇ ਨਜ਼ਮ' ਹੀ ਉਸੇ ਨੂੰ ਮੰਨਿਐ ਜਿਸ ਵਿਚ ਉਨ੍ਹਾਂ ਦੀ ਆਪਣੀ ਵਿਚਾਰ-ਧਾਰਾ ਦੇ ਅਨੁਕੂਲ (ਤੇ

ਉਪਰੋਕਤ ਗੁਰ ਕਸਵੱਟੀ ਦੇ ਪ੍ਰਤਿਕੂਲ) 'ਫਿਕਾ ਅਸੂਲ' ਆਦਿ ਹੀ ਕਾਨੀਬੰਦ ਹੋਣ । ਉਨ੍ਹਾਂ ਨੇ 'ਰਿਸਾਲਾ ਹਿੰਦੀ' (੯੯੭ ਹਿ., ਮੁਤਾਬਕ ੧੫੮੮-੮੯ ਈ.) ਵਿਚ ਲਿਖਿਆ :—

ਨਜ਼ਮ ਜਿਨ੍ਹਾਂ ਦੀ ਨਾਮ ਹੈ, ਬਾਝੋਂ ਫਿਕਾ ਅਸੂਲ ;
ਉਹ ਅੱਲਾ ਦੀ ਦਰਗਾਹ ਵਿਚ, ਨਾਹੀਂ ਨਜ਼ਮ ਕਬੂਲ ।
ਮੂਲਾਂ ਸੇਤੀ ਪੁੱਛ ਤੂੰ, ਜੋ ਜਾਨਣ ਫਿਕਾ ਅਸੂਲ !
ਅੱਲਾ ਦੀ ਦਰਗਾਹ ਵਿਚ, ਉਹ ਆਲਮ ਸਭ ਮਕਬੂਲ ।

(ਰਿਸਾਲਾ ਹਿੰਦੀ)

ਤੇ ਇਹ ਕੁਝ ਸੁਭਾਵਕ ਵੀ ਸੀ । ਆਲੋਚਨਾ, ਮੂਲ ਰੂਪ ਵਿਚ, ਸਿਰਜਨਾ ਤੋਂ ਬਾਅਦ ਦੀ ਉਪਜ ਹੈ । ਆਪਣੇ ਭਾਵਾਂ ਤੇ ਅਨੁਭਾਵਾਂ ਨੂੰ ਦੂਜਿਆਂ ਨਾਲ ਤੁਲਨਾਉਣ ਦੀ ਰੁਚੀ ਮਨੁੱਖੀ ਸੁਭਾ ਦਾ ਇਕ ਮੁੱਢ-ਕਦੀਮੀ ਅੰਗ ਹੈ । ਵਿਅਕਤੀ ਵਿਚ ਦੋ ਪਰਕਾਰ ਦੀਆਂ ਰੁਚੀਆਂ ਕੰਮ ਕਰ ਰਹੀਆਂ ਹਨ—ਇਕ ਹੈ ਪਰੰਪਰਾ ਨੂੰ ਅਪਨਾਉਣ ਦੀ ਤੇ ਦੂਜੀ ਨਵੀਨਤਾ ਨੂੰ ਹੋਂਦ ਵਿਚ ਲਿਆਉਣ ਦੀ । ਤੇ ਸਿਰਜਨਾ ਅਜਿਹੀਆਂ ਰੁਚੀਆਂ ਅਤੇ ਉਦਗਾਰਾਂ ਦਾ ਹੀ ਪਰਗਟਾਉ ਹੈ । ਅਤੇ ਜਦੋਂ ਇਹ ਸਿਰਜਨਾ ਸਮਾਜ ਦੇ ਪਰ੍ਹੇ ਵਿਚ ਆਉਂਦੀ ਹੈ ਤਾਂ ਇਹ ਇਕ ਸਮਾਜਕ ਵਸਤੂ ਹੋਣ ਕਰਕੇ, ਪਰਖ-ਪੜਚੋਲ ਦਾ ਨਿਸ਼ਾਨਾ ਬਣ ਜਾਂਦੀ ਹੈ । ਇਹ ਪੜਚੋਲ ਸਦਾ ਦੋ ਦ੍ਰਿਸ਼ਟੀਆਂ ਤੋਂ ਹੀ ਹੁੰਦੀ ਆਈ ਹੈ—ਵਸਤੂ ਦੀ ਦ੍ਰਿਸ਼ਟੀਉਂ ਤੇ ਰੂਪ ਦੇ ਪੱਖੋਂ । ਪਰ ਇਸ ਦਾ ਅਸਲ ਧੁਰਾ 'ਵਸਤੂ' ਹੀ ਬਣਿਆ ਰਿਹਾ ਹੈ, ਕਿਉਂਕਿ ਆਮ ਤੌਰ ਤੇ, ਵਿਚਾਰ-ਵਿਖੇਵਾਂ ਹੀ ਇਸ ਪਰਕਾਰ ਦੀ ਆਲੋਚਨਾ ਦੀ ਨੀਂਹ ਬਣਦਾ ਹੈ । ਫ਼ਰੀਦ ਜੀ ਇਸਲਾਮੀ ਪਰੰਪਰਾ ਤੇ ਵਿਚਾਰ-ਧਾਰਾ ਦੇ ਅਨੁਆਈ ਸਨ ਅਤੇ ਗੁਰੂ ਸਾਹਿਬ ਇਕ ਨਵੀਂ ਲੀਹ ਤੇ ਵਿਚਾਰ-ਪਰਨਾਲੀ ਦੇ ਸੰਚਾਲਕ ਸਨ । ਇਸ ਲਈ ਇਹ ਵਿਚਾਰ-ਵਿਖੇਵਾਂ ਸੰਭਵ ਤੇ ਸੁਭਾਵਕ ਸੀ ਅਤੇ ਇਹੋ ਫਿਰ ਪੰਜਾਬੀ ਵਿਚ ਵਸਤੂ-ਪੱਖ ਦੀ ਪਰਖ-ਪੜਚੋਲ ਤੇ ਤੁਲਨਾਤਮਕ ਅਧਿਐਨ ਦਾ ਮੁੱਢ ਬਣ ਨਿਬੜਿਆ । ਨਾਲੇ ਕਿਉਂਕਿ ਇਹ ਅਧਿਆਤਮਕ ਵਿਚਾਰਾਂ ਨਾਲ ਹੀ ਸੰਬੰਧਤ ਸੀ, ਇਸ ਲਈ ਸਾਡੀ ਮੁੱਢਲੀ ਆਲੋਚਨਾ ਦੀ ਰੰਗ, ਰੂਪ ਤੇ ਝੁਕਾ ਵੀ ਅਧਿਆਤਮਕ ਹੀ ਰਿਹਾ ।

੨

ਦਮੋਦਰ (ਅਕਬਰ ਦਾ ਸਮਕਾਲੀ) ਦੇ ਪਰਵੇਸ਼ ਨਾਲ, ਜਿਥੇ ਸਾਹਿੱਤ ਦੀ ਨੁਹਾਰ ਬਦਲਣੀ ਸ਼ੁਰੂ ਹੋਈ, ਉਥੇ ਪਰਖ-ਪੜਚੋਲ ਦੇ ਘੇਰੇ ਤੇ ਦ੍ਰਿਸ਼ਟੀ ਵਿਚ ਵੀ ਲੋਹੜੇ ਦੀ ਤਬਦੀਲੀ ਆਉਣ ਲਗ ਪਈ । ਇਸ ਦਾ ਖੇਤਰ ਰੋਮਾਂਚਿਕ, ਰੁਚੀ ਦੁਨਿਆਵੀ ਤੇ ਦ੍ਰਿਸ਼ਟੀ ਲੌਕਿਕ ਜਹੀ ਬਣਦੀ ਗਈ । ਦਮੋਦਰ ਦੀ ਵੇਖਾ-ਵੇਖੀ, ਲੋਕ-ਕਵੀਆਂ ਨੇ ਲੋਕਾਂ ਦੇ ਮਹਿਬੂਬ ਪਾਤਰਾਂ ਦੀਆਂ ਕਹਾਣੀਆਂ ਕਵਿਤਾਉਣੀਆਂ ਸ਼ੁਰੂ ਕੀਤੀਆਂ ਅਤੇ ਉਨ੍ਹਾਂ ਦੀਆਂ ਭੂਮਿਕਾਂ ਤੇ ਅੰਤਿਮਾਂ ਵਿਚ ਆਪਣੇ ਪੂਰਬ-ਕਾਲੀਆਂ ਦੀ ਕਲਾ ਕਿਰਤ ਬਾਰੇ ਕੁਝ ਕਹਿਣ ਦਾ ਰਿਵਾਜ ਪਾ ਦਿੱਤਾ । ਨਾਲ ਹੀ ਆਪਣੇ ਜੀਵਨ, ਰਚਨਾ, ਥਾਂ-ਟਿਕਾਣੇ ਅਤੇ ਪੀਰ-ਪੇਸ਼ੇ ਸੰਬੰਧੀ ਵੀ ਥੋੜ੍ਹੀ ਬਹੁਤੀ ਵਾਕਫ਼ੀ ਦੇਣੀ ਸ਼ੁਰੂ ਕਰ ਦਿੱਤੀ ।

ਹੁਣ ਤਕ ਪ੍ਰਾਪਤ ਹੋਏ ਕਿੱਸਾ-ਸਾਹਿੱਤ ਨੂੰ ਮੁਖ ਰਖਦਿਆਂ, ਇਸ ਪਰਪਾਟੀ ਦੀ ਪਹਿਲ ਔਰੰਗਜ਼ੇਬ ਦੇ ਸਮਕਾਲੀ, ਮੌਲਵੀ ਹਾਫ਼ਿਜ਼ ਬਰਖ਼ੁਰਦਾਰ, ਨੇ ਕੀਤੀ ਜਾਪਦੀ ਹੈ । ਆਪਣੇ ਇਕ ਪਹਿਲਕੇ ਕਵੀ, ਪੀਲੂ, ਦੀ ਕਿਰਤ ਦਾ ਜਾਇਜ਼ ਲੈਂਦਿਆਂ, ਇਹ ਉਸੇ ਆਖਿਆ ਸੀ:—

ਯਾਰੋ ! ਪੀਲੂ ਨਾਲ ਬਰਾਬਰੀ, ਸ਼ਾਇਰ ਭੁਲ ਕਰੇਨ ।
ਜਿਹਨੂੰ ਪੰਜਾਂ ਪੀਰਾਂ ਦੀ ਥਾਪਣਾ, ਕੰਧੀ ਦਸਤ ਧਰੇਨ ।

(ਕਿੱਸਾ ਮਿਰਜ਼ਾ ਸਾਹਿਬਾਂ)

ਆਪਣੀ ਇਕ ਹੋਰ ਰਚਨਾ, 'ਕਿੱਸਾ ਯੂਸਫ਼ ਜ਼ੁਲੈਖ਼ਾਂ' (੧੦੯੦ ਹਿ., ਮੁਤਾਬਕ ੧੬੭੯ ਈ.) ਦੀ ਅੰਤਿਮਾ ਵਿਚ, ਉਸ ਉਤੇ ਖ਼ਰਚ ਹੋਈ ਮਿਹਨਤ ਤੇ ਆਪਣੇ ਕਾਵਿ-ਆਦਰਸ਼ ਦਾ ਜ਼ਿਕਰ ਕਰਦਿਆਂ, ਉਸ ਨੇ ਲਿਖਿਆ:—

ਤੇ ਤਰਤੀਬ ਮੁਰੱਤਬ ਕੀਤਾ, 'ਹਾਫ਼ਿਜ਼' ਇਹ ਰਿਸਾਲਾ,
ਗ਼ਮ ਯਾਕੂਬੇ, ਹਿਜਰ ਯੂਸਫ਼ ਦੇ, ਸੋਜ਼ ਜ਼ੁਲੇਖਾਂ ਵਾਲਾ ।
ਕਿੱਸਾ ਜੋੜ ਮੁਰੱਤਬ ਕੀਤਾ, 'ਬਰਖ਼ੁਰਦਾਰ' ਵਿਚਾਰੇ,
ਜਾਂ ਨੱਵੇ ਸਾਲ ਹਜ਼ਾਰ ਉਤੇ, ਕਾਮਲ ਗੁਜ਼ਰੇ ਸਾਰੇ ।
ਇਕ ਇਕ ਬੈਂਤ ਜੋ ਦਾਖ਼ਲ ਕੀਤਾ, ਅੰਦਰ ਏਸ ਰਿਸਾਲੇ ।
ਮੈਂ ਭਰ ਜਾਮ ਉਤੋ-ਉਤੀ ਪੀਤੇ, ਲਹੂ ਦਿਲ ਦੇ ਨਾਲੇ ।
ਸ਼ਾਇਰ ਹੋਵਣ ਹੱਸਣ ਖੇਡਣ, ਪੀਵਾਂ ਜ਼ਹਿਰ ਪਿਆਲਾ ।
ਬੇ ਫ਼ਿਕਰਾਂ ਨੂੰ ਚਰਬ ਨਿਵਾਲਾ, ਖੰਡਾਂ ਖੀਰ ਨਿਵਾਲਾ ।
ਭਰ ਭਰ ਸ਼ਾਇਰ ਗ਼ੋਤੇ ਮਾਰਨ, ਅੰਦਰ ਲਹੂ ਦਿਲ ਦੇ,
ਤਾਂ ਕਢ ਕਢ ਨਾਲ ਪਰੋਵਣ ਲੜੀਆਂ, ਜੂੰ ਜੂੰ ਵੇਖਣ ਬੰਦੇ ।
ਮੈਂ ਨੈਣਾਂ ਦੇ ਲਾਲ ਪਰੋਏ, ਚੁਣ ਚੁਣ ਦੁੱਰ ਪੁਰਾਣੇ ।
ਤਾਂ ਇਹ ਹਾਰ ਮੁਰੱਤਬ ਹੋਇਆ, ਆਲਮਗੀਰ ਜ਼ਮਾਨੇ ।

( ਕਿੱਸਾ ਯੂਸਫ਼ )

ਪੰਜਾਬੀ ਵਿਚ ਸ੍ਵੈ-ਪੜਚੋਲ ਦੀ ਪਿਰਤ ਵੀ ਸ਼ਾਇਦ ਇਸੇ ਕਵੀ ਦੇ ਇਸ ਕਥਨ ਨਾਲ ਹੀ ਪਈ ਹੋਵੇ । ਨਾਲੇ ਪਾਰਖੂਆਂ ਦੀ ਹੋਂਦ, ਲੋੜ, ਮਹੱਤਾ ਤੇ ਕਰਤੱਵ ਦਾ ਅਹਿਸਾਸ ਵੀ ਪਹਿਲਾਂ ਪਹਿਲ ਉਸੇ ਨੇ ਇਉਂ ਕਾਨੀਬੰਦ ਕੀਤਾ ਜਾਪਦਾ ਹੈ :

ਖੋਟਾ ਖਰਾ ਤਦਾਈਉਂ ਜਾਵੇ, ਜਾਂ ਵੱਸ ਪਵੇ ਸਰਾਫ਼ਾਂ ।
ਲੂਣਾਂ ਤੇਲੀ ਭੇਦ ਅਲੇਲੀ, ਅਰਕੇ ਮਾਰਨ ਲਾਫ਼ਾਂ ।
ਭੀ ਸਾਹਿਬ ਇਕੱਠੇ ਹੋਸਣ, ਬਹਿਣ ਮਜਾਲਸ ਕਰਕੇ ।
ਉਹ ਮੁਨਸਫ਼ ਹੋ ਕੇ ਸੁਖ਼ਨ ਪਛਾਣਨ, ਅਦਲ-ਤਰਾਜ਼ੂ ਧਰ ਕੇ ।
ਮੈਂ ਕੁਲ ਜਵਾਹਿਰ, ਮਾਣਕ, ਮੋਤੀ, ਲਾਲ ਜ਼ਮੁਰਦੇ ਲਾਏ ।
ਥਾਉਂ ਥਾਈਂ ਕੁਝ ਕੀਰਨਾ, ਦੇ ਤਰਤੀਬ ਲਗਾਏ ।

(ਕਿੱਸਾ ਯੂਸਫ਼ ਜ਼ੁਲੈਖ਼ਾਂ)

ਮਗਰਲੇ ਕਿੱਸਾਕਾਰ ਤੇ ਲੋਕ-ਕਵੀ ਵੀ ਫਿਰ ਇਸੇ ਲੀਹ ਉਤੇ ਤੁਰਨ ਲਗ ਪਏ।

ਸੱਯਦ ਵਾਰਸ ਸ਼ਾਹ ਨੇ ਆਪਣੀ ਕਿਰਤ (੧੭੬੬ ਈ.) ਸੰਬੰਧੀ ਅਜਿਹੇ ਦਮਗਜੇ ਮਾਰੇ ਕਿ ਹੋਰ ਤਾਂ ਹੋਰ, ਪਿਛ-ਕਾਲੀਆਂ ਦਾ ਝਾਕਾ ਵੀ ਖੋਲ੍ਹ ਦਿਤਾ। ਆਪਣੀ 'ਹੀਰ' ਦੀ ਵਡਿਆਈ ਤੇ ਕਲਾ-ਕੁਸ਼ਲਤਾ ਬਾਰੇ ਉਸ ਨੇ ਏਲਾਨੀਆਂ ਆਖਿਆ:

ਹੁਕਮ ਮੰਨ ਕੇ ਸਜਣਾਂ ਪਿਆਰਿਆਂ ਦਾ,
ਕਿੱਸਾ ਅਜਬ ਬਹਾਰ ਦਾ ਜੋੜਿਆ ਈ।
ਫ਼ਿਕਰਾ ਜੋੜ ਕੇ ਖ਼ੂਬ ਦਰੁਸਤ ਕੀਤਾ,
ਨਵਾਂ ਫੁੱਲ ਗੁਲਾਬ ਦਾ ਤੋੜਿਆ ਈ।
ਬਹੁਤ ਜੀਉ ਦੇ ਵਿਚ ਤਦਬੀਰ ਕਰ ਕੇ,
ਫ਼ਰਹਾਦ ਪਹਾੜ ਨੂੰ ਫੋੜਿਆ ਈ।
ਸਭਾ ਵੀਨ ਕੇ ਜ਼ੇਬ ਬਣਾ ਦਿਤਾ,
ਜਿਹਾ ਅਤਰ ਗੁਲਾਬ ਨਿਚੋੜਿਆ ਈ।

[ਕਿੱਸਾ ਹੀਰ ਰਾਂਝਾ]

ਉਸ ਨੂੰ ਆਪਣੇ ਪੂਰਬ-ਕਾਲੀ ਹੀਰਕਾਰਾਂ ਦੇ ਮੁਕਾਬਲੇ ਤੇ, ਆਪਣੀ ਭਾਵੁਕ ਤੇ ਕਲਾਮਈ ਪਧਰ ਦਾ ਗਿਆਨ ਇੰਨਾ ਤੀਖਣ ਮਹਿਸੂਸ ਹੋਇਆ ਕਿ ਕਿੱਸੇ ਦੇ ਅੰਤ ਵਿਚ ਤਾਂ ਉਸ ਨੇ ਇਸ ਦੇ ਅਦ੍ਵਤੀ ਤੇ ਅਮਰ ਹੋਣ ਦਾ ਦਾਅਵਾ ਵੀ ਕਰ ਦਿਤਾ:

੧. ਸੁਖ਼ਨ ਯਾਦਗਾਰੀ ਰਹੀ ਸ਼ਾਇਰਾਂ ਦੀ,
ਜਿਨ੍ਹਾਂ ਤਬਹ ਦਾ ਜ਼ੋਰ ਅਜ਼ਮਾਇਆ ਈ।
ਐਪਰ 'ਹੀਰ' ਨਾ ਕਿਸੇ ਨੇ ਕਹੀ ਐਸੀ,
ਸ਼ਿਅਰ ਬਹੁਤ ਮਰਗ਼ੂਬ ਬਣਾਇਆ ਈ।

੨. ਪਰਖ ਸ਼ਿਅਰ ਦੀ ਆਪ ਕਰ ਲੈਣ ਸ਼ਾਇਰ,
ਘੋੜਾ ਫੇਰਿਆ ਵਿਚ ਨਖ਼ਾਸ ਦੇ ਮੈਂ।
ਹੋਰ ਸ਼ਾਇਰਾਂ ਚੱਕੀਆਂ ਝੋਤੀਆਂ ਨੀ,
ਗ਼ਲਾ ਪੀਠਾ ਈ ਵਿਚ ਖ਼ਰਾਸ ਦੇ ਮੈਂ।

੩. ਐਸਾ ਸ਼ਿਅਰ ਕੀਤਾ ਪੁਰਮਗ਼ਜ਼ ਮੌਜ਼ੂੰ,
ਜਿਹੀ ਮੋਤੀਆਂ ਲੜੀ ਸ਼ਾਹਵਾਰ ਦੀ ਸੀ।
ਜੋ ਕੋਈ ਪੜ੍ਹੇ ਸੁ ਬਹੁਤ ਖ਼ੁਰਸੰਦ ਹੋਵੇ.
ਵਾਹ ਵਾਹ ਸਭ ਖ਼ਲਕ ਪੁਕਾਰਦੀ ਸੀ।

[ਕਿੱਸਾ ਹੀਰ ਰਾਂਝਾ]

ਕਮਾਲ ਇਹ ਕਿ ੧੭੬੪ ਈ. ਵਿਚ ਪਰਗਟ ਹੋਈ ਇਸ ਸ੍ਵੈ-ਚੇਤਨਾ ਤੇ ਸ੍ਵੈ-ਪਰਖ ਦਾ ਸਿੱਕਾ ਅਜੇ ਤਕ ਉਸੇ ਤਰ੍ਹਾਂ ਚਲ ਰਿਹਾ ਹੈ।

੨

ਇਸ ਦੇ ਉਲਟ, ਹਾਮਦ ਸ਼ਾਹ ਅੱਬਾਸੀ ਨੇ ਆਪਣੇ ਜੰਗਨਾਮੇ (੧੭੭੭ ਈ.) ਵਿਚ, ਆਪਣੇ ਗ਼ਰੀਬੀ-ਦਾਅਵੇ ਨੂੰ ਕਾਨੀਬੰਦ ਕਰਦਿਆਂ ਲਿਖਿਆ :

ਨਾਹੀਂ ਦਾਅਵਾ ਸ਼ਿਅਰ ਦਾ, ਨਾਹੀਂ ਸ਼ਾਇਰ ਮੂਲ।
ਗੰਢ-ਤੁਪ ਮੇਰਾ ਹੋ ਗਿਆ, ਵਿਚ ਜਨਾਬ ਕਬੂਲ।

[ ਜੰਗ ਹਾਮਦ

ਉਸ ਨੇ ਆਪਣੇ 'ਕਿੱਸਾ ਹੀਰ' ਦੇ ਪਲਾਟ ਆਦਿ ਲਈ ਆਪਣੇ ਪਹਿਲਕਿਆਂ ਤੋਂ ਲਈ ਸਹਾਇਤਾ ਦਾ ਵੀ ਬੜੀ ਦਲੇਰੀ ਤੇ ਦਿਆਨਤਦਾਰੀ ਨਾਲ ਇਕਬਾਲ ਕਰ ਕੇ, ਪੰਜਾਬੀ ਆਲੋਚਨਾ ਦੇ ਖੇਤਰ ਵਿਚ ਇਕ ਹੋਰ ਨਵੀਂ ਤੇ ਨਰੋਈ ਅੰਸ਼ ਦਾ ਵਾਧਾ ਵੀ ਕਰ ਦਿਤਾ :

ਚਾਵਲ ਆਪਣੇ ਮੰਗ ਕੇ 'ਮੁਕਬਲੇ' ਤੋਂ,
ਲੂਣ 'ਅਹਿਮਦੇ' ਦਾ ਵਿਚ ਪਾਵਸਾਂ ਮੈਂ।
ਘਿਉ ਹੱਟ 'ਗੁਰਦਾਸ' ਦਾ ਵਿਚ ਪਾਵਾਂ,
ਖਿਚੜੀ ਜੋੜ ਕੇ ਦੇਸ ਰਿਝਾਵਸਾਂ ਮੈਂ।

੩

ਇਸ ਪਰਕਾਰ ਦੀ ਪਰਖ-ਪੜਚੋਲ ਨੂੰ ਮੌਲਵੀ ਅਹਿਮਦ ਯਾਰ (੧੭੬੮—੧੮੪੪ ਈ.) ਨੇ ਸਿਖਰ ਤੇ ਪਹੁੰਚਾਇਆ। ਉਹ ਆਪ ਇਕ ਕੜਤੋੜ ਕਵੀ ਹੋਣ ਤੋਂ ਛੁਟ, ਇਕ ਸੂਝਵਾਨ ਸਮਾਲੋਚਕ ਵੀ ਸੀ। ਉਸ ਨੇ ਪੂਰਬ-ਕਾਲੀ ਪੰਜਾਬੀ ਕਵਿਤਾ ਨੂੰ ਧਿਆਨ ਨਾਲ ਪੜ੍ਹਿਆ ਤੇ ਘੋਖਿਆ ਜਾਪਦਾ ਹੈ, ਅਤੇ ਫਿਰ ਉਸ ਦੀ ਪਰਖ–ਪੜਚੋਲ ਵੀ ਕੀਤੀ ਹੈ ਜੋ ਕਿ ਉਸ ਦੇ ਦੋ ਕਿੱਸਿਆਂ–ਯੂਸਫ਼ ਜ਼ੁਲੈਖਾਂ' ਤੇ 'ਹੀਰ ਰਾਂਝਾ'—ਦੀਆਂ ਅੰਤਿਮਾਂ ਵਿਚ ਅੰਕਿਤ ਹੈ। ਅਹਿਮਦ ਯਾਰ ਨੂੰ ਆਪਣੇ ਸਮੇਂ ਦਾ ਇਕੋ ਇਕ ਪਾਰਖੂ ਹੋਣ ਦਾ ਮਾਣ ਵੀ ਸੀ। ਉਹ ਆਪ ਕਹਿੰਦੈ :

ਸੁਥਰਾ ਸ਼ਾਇਰ ਨ 'ਹਾਫ਼ਿਜ਼' ਜੇਹਾ, ਤੋਲ ਪੂਰਾ ਉਸ ਹੱਟੀ।
ਪਰ ਅਗਲਿਆਂ ਪਿਛਲਿਆਂ ਸ਼ਾਇਰਾਂ ਦੀ, ਮੈਂ ਇਸ ਵੇਲੇ ਕਸਵੱਟੀ।

[ਕਿੱਸਾ ਯੂਸਫ਼ ਜ਼ੁਲੈਖਾਂ]

ਫਿਰ ਸ਼ੋਖੀ ਇਹ ਕਿ ਉਸ ਨੇ ਆਰੀਆਂ ਪਾਰੀਆਂ ਬੇਤੁਕੀਆਂ ਚਲਾਉਣ ਦੀ ਥਾਂ, ਹੋਰਨਾਂ ਕਵੀਆਂ ਤੇ ਉਨ੍ਹਾਂ ਦੀਆਂ ਕਿਰਤਾਂ ਪਰਖਣ ਲਈ ਇਕ ਕਸਵੱਟੀ ਵੀ ਮਿਥੀ ਹੋਈ ਸੀ :

ਜਿਨ੍ਹਾਂ ਨੂੰ ਨਿਹੁੰ ਕਰਾਰੀ ਹੋਵੇ, ਬੇਹੀ ਭਾਵੇਂ ਤਾਜ਼ੀ।
ਯਾ ਉਹ ਵਿਚ ਹਕੀਕਤ ਹੋਵਣ, ਯਾ ਵਿਚ ਰਾਹ ਮਜਾਜ਼ੀ।

ਹੰਝੂ ਡੋਲ੍ਹਣ, ਮੂੰਹੋਂ ਨਾ ਬੋਲਣ, ਦੋਹੜੇ ਦਰਦ ਹਿਜਰ ਦੇ।
ਸਾਣ ਚੜ੍ਹੇ ਹੋਏ ਖੰਜਰ ਵਾਂਗੂੰ, ਖੁਭਣ ਵਿਚ ਜਿਗਰ ਦੇ।
ਉਹ ਸ਼ਾਇਰ ਹੁੰਦੇ ਕਰ ਕੇ ਬਾਲਣ, ਜਿਨ੍ਹਾਂ ਤਨ ਮਨ ਬਾਲੇ।
ਖ਼ੁਸ਼ ਬੈਠਣ, ਖ਼ੁਸ਼ ਹੱਸਣ ਵਾਲੇ, ਨਾ ਉਹ ਲੋਕ ਸੁਖਾਲੇ।

ਇਹ ਕਸਵੱਟੀ ਠੀਕ ਹੈ ਜਾਂ ਗ਼ਲਤ, ਪਰ ਇਸ ਉਤੇ ਉਸ ਕਵੀ-ਆਲੋਚਕ ਦੀ ਆਪਣੀ ਨਿੱਜੀ ਛਾਪ ਲਗੀ ਹੋਈ ਹੈ। ਉਸ ਨੇ ਆਪਣੇ ਸਮਕਾਲੀਆਂ ਤੇ ਪੂਰਬ-ਕਾਲੀਆਂ ਨੂੰ ਇਸੇ ਅਨੁਸਾਰ ਪਰਖਿਆ, ਟੀਕਾ-ਟਿਪਣੀ ਕੀਤੀ ਤੇ ਰਾਵਾਂ ਕਾਇਮ ਕੀਤੀਆਂ। ਜਿਹੜੇ ਕਵੀ ਇਸ ਉਤੇ ਪੂਰੇ ਉਤਰਦੇ ਰਹੇ, ਉਨ੍ਹਾਂ ਨੂੰ ਉਸ ਨੇ ਰੱਜ ਕੇ ਸਲਾਹਿਆ। ਪੀਲੂ ਨੂੰ ਉਸ ਨੇ ਇਸੇ ਗੱਲ ਕਰਕੇ ਵਡਿਆਇਆ। ਅਖੇ —

'ਪੀਲੂ' ਨਾਲ ਨਾ ਰੀਸ ਕਿਸੇ ਦੀ,ਉਸ ਵਿਚ ਸੋਜ਼ ਅਲਹਿਦੀ।
ਮਸਤ ਨਿਗਾਹ ਕੀਤੀ ਉਸ ਪਾਸੇ, ਕਿਸੇ ਫ਼ਕੀਰ ਵਲੀ ਦੀ।

ਹਾਫ਼ਿਜ਼ ਬਰਖ਼ੁਰਦਾਰ ਵੀ ਉਸ ਦੀ ਰਜਵੀਂ ਸ਼ਲਾਘਾ ਦਾ ਭਾਗੀ ਤਦ ਬਣ ਸਕਿਆ ਜਦ ਉਹ ਉਸ ਨੂੰ ਉੱਕਤ ਕਾਵਿ-ਗੁਣਾਂ ਦਾ ਧਾਰਨੀ ਨਜ਼ਰ ਆਇਆ :

'ਹਾਫ਼ਿਜ਼ ਬਰਖ਼ੁਰਦਾਰ' ਜੋ ਆਹੀ, ਰਾਂਝਾ ਜਟੇ ਵਾਲਾ।
ਉਸ ਨੇ ਵੀ ਫੈਜ਼ਾਮ ਇਲਾਹੀ, ਇਲਮ ਅਮਲ ਵਿਚ ਪਾਲਾ।

[ਕਿੱਸਾ ਯੂਸਫ਼ ਜ਼ੁਲੈਖਾਂ]

ਇਉਂ ਹੀ, ਵਾਰਸ ਸ਼ਾਹ ਵੀ ਉਸ ਦੀ ਦਾਦ ਇਸ ਲਈ ਲੈ ਸਕਿਆ ਕਿ ਉਹ ਉਸ ਨੂੰ 'ਦਰਦ ਸੋਜ਼' ਦਾ ਮੁਜੱਸਮਾ ਪ੍ਰਤੀਤ ਹੋਇਆ :—

ਦਰਦ ਸੋਜ਼ ਵਾਲਾ ਉਹ ਬੰਦਾ, ਸੋਲਿਆ ਸਭਸੁ ਬਹਾਨਾ।
ਪਰ ਜੋ ਫ਼ਿਕਰ ਉਸ ਨੇ ਕੀਤਾ, ਕਾਬੂ ਨਹੀਂ ਸੁਜਾਨਾ।

ਇਸ ਤੋਂ ਉਲਟ, ਜਿਹੜੇ ਕਵੀ ਉਸ ਦੀ ਉੱਕਤ ਤਕੜੀ ਵਿਚ ਪੂਰੇ ਨਾ ਤੁਲ ਸਕੇ, ਉਨ੍ਹਾਂ ਨੂੰ ਉਸ ਨੇ ਚੰਗੀ ਤਰ੍ਹਾਂ ਲਿਆ। ਹਾਮਦ ਸ਼ਾਹ ਉਸ ਦੀਆਂ ਨਜ਼ਰਾਂ ਵਿਚ, ਇਸੇ ਲਈ, ਚੜ੍ਹ ਨਾ ਸਕਿਆ ਤੇ ਅਹਿਮਦ ਯਾਰ ਨੇ ਉਸ ਉਤੇ ਚੋਟ ਕਰਦਿਆਂ ਲਿਖਿਆ :—

'ਮੁਕਬਲ' ਵੀ ਹੋ ਚੁਕਾ ਮੁਕਬਲ, ਅਪਣੇ ਵਿਚ ਜ਼ਮਾਨੇ।
'ਹਾਮਦ' ਵੀ ਅਖਵਾਇਆ ਸ਼ਾਇਰ, ਅਪਣੀ ਨਾਲ ਜ਼ਬਾਨੇ।

ਇਉਂ ਹੀ ਹਾਸ਼ਮ ਸ਼ਾਹ ਦੇ 'ਸੱਸੀ ਪੁੰਨੂੰ' ਨੂੰ ਤਾਂ ਉਸ ਨੇ ਚੋਖੀਆਂ ਸ਼ਾਬਾਸ਼ਾਂ ਤੇ ਸ਼ੁਭ ਇਛਾਵਾਂ ਦਿੱਤੀਆਂ, ਪਰ ਉਸ ਦੀ ਦੂਜੀ ਰਚਨਾ, 'ਸ਼ੀਰੀਂ ਫ਼ਰਹਾਦ' ਉਸ ਨੂੰ ਠੀਕ ਨਾ ਜੱਚੀ ਤੇ ਉਸ ਨੇ ਨਿਝੱਕ ਹੋ ਕੇ ਆਖ ਦਿਤਾ :

ਹਾਸ਼ਮ 'ਸੱਸੀ' ਸੋਹਣੀ ਜੋੜੀ, ਸੱਦ ਰਹਿਮਤ ਉਸਤਾਦੋਂ।
ਪਰ ਦਿਲ ਵਿਚ ਵੱਡਾ ਤੁਅੱਜਬ ਆਵੇ, 'ਸ਼ੀਰੀਂ ਤੇ ਫ਼ਰਹਾਦੋਂ'।

ਖ਼ੁਸਰੋ ਸ਼ੀਰੀਂ ਦਾ ਜੋ ਕਿੱਸਾ, ਵਿਚ ਕਿਤਾਬਾਂ ਪੜ੍ਹਿਆ।
'ਹਾਸ਼ਮ' ਹੋਰ ਤਰ੍ਹਾਂ ਕੁਝ ਲਿਖਿਆ, ਸਾਡੀ ਨਜ਼ਰ ਨਾ ਚੜ੍ਹਿਆ।

[ਕਿੱਸਾ ਯੂਸਫ਼ ਜ਼ੁਲੈਖਾਂ]

ਭਾਵੇਂ ਹਾਸ਼ਮ ਜੀ ਨੇ ਇਹ ਕਿੱਸਾ ਰਚਣ ਦਾ ਕਾਰਨ ਦਸਦਿਆਂ, ਇਸ ਦੀ ਉਥਾਨਕਾ ਵਿਚ ਆਪ ਹੀ ਲਿਖ ਦਿਤਾ ਸੀ ਕਿ —

ਜਿਹਾ ਸ਼ੌਕ ਹੋਇਆ ਕੁਝ ਕਹਾਂ, ਸ਼ੌਕ ਦਿਲੇ ਵਿਚ ਧਰ ਕੇ,
ਸਾਹਿਬ ਦਰਦ-ਸ਼ਨਾਸਾਂ ਵਾਲੇ, ਪੜ੍ਹਨ ਮੁਹੱਬਤ ਕਰ ਕੇ।

ਸੁਹਣੀ ਤੇ ਮੇਹੀਂਵਾਲ ਜ਼ੁਲੈਖਾਂ, ਮਿਰਜ਼ਾ, ਹੀਰ-ਸਲੇਟੀ,
ਸੱਸੀ ਹੋਰ ਜਲਾਲੀ ਮਜਨੂੰ, ਮਲਕੀ ਇਸ਼ਕ-ਲਪੇਟੀ।

ਹਿੰਦ ਜ਼ਬਾਨ ਕਹੇ ਸ਼ੁਅਰਾਵਾਂ, ਕਿੱਸੇ ਇਸ਼ਕ ਉਹਨਾਂ ਦੇ,
ਸ਼ੀਰੀਂ ਤੇ ਫ਼ਰਹਾਦ ਨਾ ਆਖੇ, ਰਹੇ ਅਸਾਡੇ ਛਾਂਦੇ।

[ਕਿੱਸਾ ਸ਼ੀਰੀਂ ਫ਼ਰਹਾਦ]

ਇਸੇ ਤਰ੍ਹਾਂ ਸਦੀਕ ਲਾਲੀ ਦਾ ਕਿੱਸਾ ਯੂਸਫ਼ ਜ਼ੁਲੈਖਾਂ ਬਾਰੇ ਆਪਣੀ ਰਾਏ ਬੜੀ ਬੇਬਾਕੀ ਨਾਲ ਪਰਗਟ ਕਰਦਿਆਂ ਲਿਖਿਆ :

'ਸਦੀਕ ਲਾਲੀ' ਯੂਸਫ਼ ਦਾ ਕਿੱਸਾ, ਸਿਰਫ਼ ਤਸੱਵਫ਼ ਕਹਿਆ,
ਕਿੱਸਾ ਖੋਲ੍ਹ ਸੁਣਾਵਣ ਦਾ ਵੱਲ, ਉਸ ਨੂੰ ਫ਼ਿਕਰ ਨ ਰਹਿਆ।

ਜੋ ਕਲਾਮ ਉਸ ਮਰਦ ਖ਼ੁਦਾ ਦੇ, ਕੀਤੀ ਅਦਾ ਜ਼ਬਾਨੋਂ,
ਖ਼ਬਰ ਸਲੂਕ ਫ਼ਿਕਾ ਤਫ਼ਸੀਰੋਂ, ਆਯਾਤੋਂ ਕੁਰਆਨੋਂ।

ਬੈਂਤ ਬਣਾਵਣ ਦੀ ਉਸ ਮੁਢੋਂ, ਮੂਲ ਸਲਾਹ ਨੀ ਕੀਤੀ,
ਨਿੱਕੇ ਮੋਟੇ ਮਾਰੇ ਡੰਗੇ, ਗਲ ਦੀ ਕਫ਼ਨੀ ਸੀਤੀ।

[ ਕਿਸਾ ਯੂਸਫ਼ ਜ਼ੁਲੈਖਾਂ]

ਖ਼ੈਰ, ਹੋਰਨਾਂ ਬਾਰੇ ਤਾਂ ਹਰ ਸਮਾਲੋਚਕ ਕੁਝ-ਨਾ-ਕੁਝ ਕਹਿ ਹੀ ਲੈਂਦੇ, ਪਰ ਉਸ ਦੀ ਅਜ਼ਮਾਇਸ਼ ਉਦੋਂ ਹੁੰਦੀ ਹੈ ਜਦੋਂ ਉਸ ਨੂੰ ਆਪ ਆਪਣੇ ਬਾਰੇ ਵੀ ਕੁਝ ਕਹਿਣਾ ਪੈ ਜਾਏ। ਉਸ ਦੀ ਨਿਰਪੱਖਤਾ, ਉਦਾਰਤਾ ਤੇ ਨੇਕ-ਨੀਤੀ ਦਾ ਪਰਤਾਵਾ, ਅਸਲ ਵਿਚ ਉਦੋਂ ਹੀ ਹੁੰਦਾ ਹੈ।

ਅਹਿਮਦ ਯਾਰ ਇਸ ਤੋਲ• ਉਤੇ ਵੀ ਪੂਰਾ ਉਤਰਿਆ। ਹੀਰ ਰਾਂਝੇ ਦੀ ਪ੍ਰੀਤ-ਕਹਾਣੀ ਨੂੰ ਬਿਆਨਦੀ ਆਪਣੀ ਰਚਨਾ ਨੂੰ, ਆਪਣੇ ਤੋਂ ਚੋਖਾ ਚਿਰ ਪਹਿਲਾਂ ਹੋਏ ਵਾਰਸ ਸ਼ਾਹ ਦੀ ਇਸੇ ਕਹਾਣੀ ਨੂੰ ਕਵਿਤਾਉਂਦੀ ਕਿਰਤ ਨਾਲ ਤੁਲਨਾਉਂਦਿਆਂ, ਉਸਨੇ ਆਖਿਆ :—

'ਵਾਰਸ ਸ਼ਾਹ' ਜੰਡਿਆਲੇ ਵਾਲੇ, ਵਾਹ ਵਾਹ 'ਹੀਰ' ਬਣਾਈ,
ਮੈਂ ਭੀ ਰੀਸ ਉਸੇ ਦੀ ਕੀਤੀ, ਲਿਖੀ ਤੋੜ ਨਿਭਾਈ।

(ਪਰ) ਜੋ ਅਟਕਲ ਮਜ਼ਮੂਨ ਬੰਨ੍ਹਣ ਦੀ, ਉਸ ਸੋ ਮੈਂ ਨਹੀਂ ਕਾਈ,
ਵੱਡਾ ਤੁਅੱਜਬ ਆਵੇ ਯਾਰੋ, ਵੇਖ ਉਸ ਦੀ ਵਡਿਆਈ।

ਮੈਂ ਕਿੱਸੇ ਲਿਖਦਿਆਂ ਵਰ੍ਹੇ ਪੰਜਾਹ ਸੱਠ, ਆਪਣੀ ਉਮਰ ਲੰਘਾਈ,
ਤੇ ਉਸ ਕਿੱਸਿਆਂ ਵਿਚੋਂ ਇਹੋ, ਇਕੋ 'ਹੀਰ' ਬਣਾਈ।

ਕੀ ਆਖਾਂ ਬੋਲੀ ਥਾਂ ਲਗਦੀ, ਕੀ ਗੱਲ ਢੁਕਦੀ ਆਈ,
'ਅਹਿਮਦ ਯਾਰ' ਕਹੇ ਉਸ ਜੈਸੀ, ਅਟਕਲ ਮੈਂ ਨਹੀਂ ਆਈ।

[ਕਿੱਸਾ ਹੀਰ ਵ ਰਾਂਝਾ]

ਸ਼ਾਇਦ ਹੀ ਕਿਸੇ ਵਰਤਮਾਨ ਪੰਜਾਬੀ ਸਮਾਲੋਚਕ ਨੇ ਵੀ, ਆਪਣੇ ਮੁਕਾਬਲੇ ਤੇ ਲਿਖੀ ਗਈ, ਕਿਸੇ ਹੋਰ ਦੀ ਉਜੇਹੀ ਰਚਨਾ ਦੀ ਵਡਿਆਈ ਦਾ ਇਕਬਾਲ ਇਉਂ ਕੀਤਾ ਹੋਵੇ—ਫਿਰ ਉਸ ਦੇ ਮਰ ਮੁਕ ਜਾਣ ਤੋਂ ਵੀ ਡੇਢ ਦੋ ਸੌ ਵਰ੍ਹੇ ਬਾਅਦ ; ਨਾਲੇ ਖ਼ੂਬੀ ਇਹ ਕਿ ਉਸ ਨੂੰ ਇਨਾ ਮਾਣ ਦੇਣ, 'ਸੁਖਨ ਦਾ ਵਾਰਸ' ਕਹਿਣ ਤੇ ਉਸ ਦੀ ਸਫ਼ਲਤਾ ਦਾ ਭੇਤ ਉਸ ਦੀ 'ਅਟਕਲ' ( ਭਾਵ ਹੁਨਰ ) ਨੂੰ ਹੀ ਮੰਨਣ ਦੇ ਬਾਵਜੂਦ, ਜਦੋਂ ਉਸ ਦੇ ਹੁਨਰ ਨੂੰ ਹੀ ਮਨਣ ਤੇ ਬਾਵਜੂਦ, ਜਦੋਂ ਉਸ ਦੇ ਹੁਨਰ ਨੂੰ ਬੇਕਾਬੂ ਹੁੰਦਾ ਵੇਖਿਆ ਤਾਂ ਉਸ ਨੂੰ ਲੈ ਪੈ ਗਿਆ ਤੇ ਜ਼ਰਾ 'ਲਿਹਾਜ਼' ਨਹੀਂ ਕੀਤਾ। ਸਗੋਂ ਬੜੀ ਕਲਾ-ਸੂਝ ਤੇ ਦਲੇਰੀ ਤੋਂ ਕੰਮ ਲੈਂਦਿਆਂ ਲਿਖਿਆ :

ਵਾਰਸ ਸ਼ਾਹ ਸੁਖ਼ਨ ਦਾ ਵਾਰਸ, ਕਿਸੇ ਨਾ ਅਟਕਿਆ ਵਲਿਆ,
(ਪਰ) ਮੰਦਰਾਹੀ ਚਕੀ ਵਾਂਗੂ, (ਉਸ) ਨਿੱਕਾ ਮੋਟਾ ਦਲਿਆ।

ਅਤੇ

ਇਕੋ ਕਾਫ਼ੀਆ ਮੁੜ ਮੁੜ ਆਂਦਾ, ਹਾਲ ਨਾ ਕੋਈ ਤੁਕਾਂ ਦਾ,
ਜਿਉਂਕਰ ਉਖੜਿਆ ਹੋਇਆ ਕਚਾਵਾ, ਖੜ ਖੜ ਕਰਦਾ ਜਾਂਦਾ।

[ਕਿੱਸਾ ਯੂਸਫ਼ ਜ਼ੁਲੈਖਾਂ]

ਇਉਂ, ਅਹਿਮਦਯਾਰ ਵਿਚ ਇਕ ਆਦਰਸ਼ਕ ਸਮਾਲੋਚਕ ਵਾਲੇ ਬਹੁਤ ਸਾਰੇ ਗੁਣ ਮੌਜੂਦ ਨਜ਼ਰ ਆਉਂਦੇ ਹਨ। ਉਸ ਨੇ ਵਾਰਸ ਦੀ ਰਚਨਾ ਨੂੰ ਚੰਗੀ ਤਰ੍ਹਾਂ ਪੜ੍ਹਿਆ ਘੋਖਿਆ, ਉਸ ਦੀਆਂ ਦਿਲ-ਡੂੰਘਾਈਆਂ ਤਕ ਅਪੜਿਆ, ਉਸ ਦੀ ਕਲਾ ਨੂੰ ਜਾਂਚਿਆ—ਪਰਖਿਆ ਅਤੇ ਆਪਣੇ ਨਿਜੀ ਅਨੁਭਵ, ਵਿਸ਼ਾਲ ਵਾਕਫ਼ੀ ਤੇ ਅਮੁਕ ਅਭਿਆਸ ਅਤੇ ਪਹਿਲੀਆਂ 'ਹੀਰ' ਦੇ ਤੁਲਨਾਤਮਕ ਅਧਿਐਨ ਦੇ ਆਧਾਰ ਤੇ ਉਸ ਦੀ ਕਿਰਤ ਅਤੇ ਕਲਾ-ਕੁਸ਼ਲਤਾ ਦਾ ਜਾਇਜ਼ਾ ਲਿਆ ਜਾਪਦਾ ਹੈ। ਫਿਰ ਉਸ ਦੀਆਂ ਊਣਤਾਈਆਂ ਤੇ ਵਿਸ਼ੇਸ਼ਤਾਈਆਂ ਨੂੰ ਆਪਣੀ ਪਰਖ—ਕਸੌਟੀ ਉਤੇ ਲਾਕੇ, ਈਰਖਾ, ਦ੍ਵੈਖ ਤੇ ਪੱਖਪਾਤ ਨੂੰ ਛਿਕੇ ਉਤੇ ਟੰਗ ਕੇ, ਆਪਣੀ ਰਾਏ ਕਾਇਮ ਕੀਤੀ ਜਾਪਦੀ ਹੈ। ਇਸ ਰਾਏ ਦਾ ਮੁੱਲ, ਮੈਨੂੰ ਤਾਂ, ਅਜੇ ਵੀ ਖਰੇ ਸੋਨੇ ਵਾਲਾ ਪਰਤੀਤ ਹੁਦਾ ਹੈ। ਜੇ ਉਹ ਚਾਹੁੰਦਾ ਤਾਂ, ਸਾਡੇ ਕਈ ਅਜੋਕੇ ਆਲੋਚਕਾਂ, ਵਾਂਗ, ਖ਼ੁਦ ਆਪਣੀਆਂ ਕਿਰਤਾਂ ਬਾਰੇ ਵੀ ਅਜੇਹੇ ਦਮਗਜੇ ਮਾਰ ਸਕਦਾ ਸੀ। ਘਟੋ ਘੱਟ ਆਪਣੀ ਰਚਨਾ ਨੂੰ ਹੀ, ਆਪ ਹੀ, ਆਪਣੇ ਮੂੰਹੋਂ ਇਉਂ ਹੇਠਿਆਉਣੋਂ ਬਚਾ ਸਕਦਾ ਸੀ। ਪਰ ਉਹ ਤਾਂ ਇਕ ਤਿੱਖੀ ਤੇ ਨਿਰਪੱਖ ਆਲੋਚਕ-ਦ੍ਰਿਸ਼ਟੀ ਦਾ ਮਾਲਕ ਪ੍ਰਤੀਤ ਹੁੰਦਾ ਹੈ। ਉਹ ਲੇਖਕ ਤੇ ਪਾਠਕ—ਦੋਹਾਂ ਨਾਲ ਨਿਆਂ ਕਰਨਾ ਜਾਣਦਾ ਸੀ। ਜਿਥੇ ਉਸ ਵਿਚ ਆਪਣੀ ਰਾਏ ਬਣਾਉਣ ਦੀ ਸਮਰਥਾ ਸੀ, ਉਥੇ ਉਸ ਨੂੰ ਪਰਗਟਾਉਣ ਦੀ ਦਲੇਰੀ ਤੇ ਨਿਝੱਕਤਾ ਵੀ ਸੀ। ਇਸੇ ਲਈ ਉਸ ਆਖਿਆ ਸੀ—

ਜਿਤਨੇ ਕਿੱਸੇ ਅਤੇ ਕਿਤਾਬਾਂ, ਉਮਰ ਸਾਰੀ ਮੈਂ ਜੋੜੇ,
ਗਿਣਨ ਲਗਾਂ ਤੇ ਯਾਦ ਨਾ ਆਵਣ, ਜੋ ਦੱਸਾਂ ਸੋ ਥੋੜ੍ਹੇ।
ਪਰ ਇਕ ਸੁੱਘੜ ਇਕੋ ਗੱਲ ਕਰਕੇ, ਮਨਸਬ ਪਾਵਨ ਦੋੜੇ,
ਦੂਜੇ ਰੀਸ ਨਾ ਕਰਨ ਸੁਣਾਵਣ, ਸੈ ਤਕਰੀਰਾ ਤੋੜੇ।
ਆਪਣੇ ਮੂੰਹੋਂ ਸਲਾਹ ਨਾ ਸੋਹੇ, ਤਾਰੇ ਤੋੜੇ ਤੋੜੇ,
ਸੁਖ਼ਨ ਜਿਨ੍ਹਾਂ ਦੇ ਲੋਕ ਸਲਾਹੁਣ, ਹੈਨ ਜਗ ਤੇ ਥੋੜ੍ਹੇ।

[ਕਿੱਸਾ ਹੀਰ ਰਾਂਝਾ]

ਇਸੇ ਲਈ ਉਸ ਨੇ ਆਪਣੇ ਢੋਲ ਆਪੇ ਪਿੱਟਣ ਤੋਂ ਬੜਾ ਸੰਕੋਚ ਕੀਤਾ। ਅਤੇ ਉਸ ਦੀ ਆਲੋਚਨਾਤਮਕ ਸ਼ਕਤੀ ਅਤੇ ਦ੍ਰਿਸ਼ਟੀ ਦੀ ਮਹਾਨਤਾ ਵੀ ਤਾਂ ਬਾਹਲੀ ਇਸੇ ਗੱਲ ਵਿਚ ਹੈ।

ਕੁਝ ਇਸੇ ਪਰਕਾਰ ਦੀ ਮਹਾਨਤਾ ਨੂੰ ਮੁਖ ਰਖਦਿਆਂ, ਉਸ ਦੇ ਇਕ ਉੱਘੇ ਸਮਕਾਲੀ, ਸੱਯਦ ਹਾਸ਼ਮ ਸ਼ਾਹ (੧੭੩੫-੧੮੮੩ ਈ.) ਨੇ ਆਪਣੇ ਪੂਰਬ-ਕਾਲੀ 'ਕਾਮਲ' ਕਵੀਆਂ ਅਤੇ ਉਨ੍ਹਾਂ ਦੀਆਂ ਉੱਤਮ ਕਿਰਤਾਂ ਨੂੰ ਸਲਾਹੁੰਦਿਆਂ ਆਖਿਆ :

ਸ਼ਾਇਰ ਸ਼ਿਅਰ ਕਰੇਂਦੇ ਆਹੇ, ਨਫ਼ਸ ਛੁਰੀ ਮਹੁੰ ਧਰ ਕੇ ,
ਹਰ ਇਕ ਸੁਖ਼ਨ ਲਿਆਵਣ ਬਾਹਰ, ਖ਼ੂਨ-ਆਲੂਦਾ ਕਰਕੇ ।

[ ਕਿੱਸਾ ਸ਼ੀਰੀਂ ਫ਼ਰਹਾਦ]

ਇਸੇ ਤਰ੍ਹਾਂ ਉਸ ਸਮੇਂ ਦੇ ਕਾਵਿ-ਪਾਰਖੂਆਂ ਦੀ ਕਦਰ-ਸ਼ਨਾਸੀ ਤੇ ਸਾਫ਼-ਦਿਲੀ ਦੀਆਂ ਵੀ ਬਲਾਈਆਂ ਲੈਂਦਿਆਂ ਲਿਖਿਆ :—

ਫਿਰ ਉਹ ਦਸਤ ਸਰਾਫ਼ਾਂ ਪੈਂਦੇ, ਹੀਰੇ ਸੁਖ਼ਨ-ਪਰੋਤੇ ,
ਉਹ ਸਰਾਫ਼ ਜਿਨ੍ਹਾਂ ਹੱਥ ਆਪਣੇ, ਜਾਣ ਜਹਾਨੋਂ ਧੋਤੇ ।
ਫਿਰ ਉਹ ਐਬ ਸੁਆਬ ਸੁਖ਼ਨ ਦਾ, ਲੱਭਦੇ ਨਾਲ ਫ਼ਿਕਰ ਦੇ ,
ਨਾਕਸ ਰੱਦ ਸੁ ਦੇਂਦੇ, ਕਾਮਲ, ਲਿਖਦੇ ਵਿਚ ਜਿਗਰ ਦੇ ।

ਇਸ ਦੇ ਉਲਟ, ਆਪਣੇ ਸਮੇਂ ਦੇ ਕਵੀਆਂ ਤੇ ਪੜਚੋਲੀਆਂ ਦੀ ਸਮਰੱਥਾ ਤੇ ਅਵਸਥਾ ਦਾ ਜਾਇਜ਼ਾ ਲੈਂਦਿਆਂ ਦਸਿਆ :

ਏਸ ਸਮੇਂ ਵਿਚ 'ਹਾਸ਼ਮ' ਜਿਹੇ ਨਾਕਸ ਸ਼ਾਇਰ ਸਦਾਉਣ ,
ਮੁਨਸਫ਼ ਦੋ ਅੱਯਾਲੀ ਰਲ ਕੇ, ਸ਼ਿਅਰ ਸੁਣਨ ਨੂੰ ਆਉਣ ।

[ਕਿੱਸਾ ਸ਼ੀਰੀਂ ਫ਼ਰਹਾਦ]

ਇਹ ਕੁਝ ਉਸ ਨੇ ਲਿਖਿਐ ਜਿਸ ਦੀ ਹਲੀਮੀ ਤੇ ਨੇਕ-ਨੀਤੀ ਉਸ ਦੇ ਸ਼ਾਹਕਾਰ 'ਸੱਸੀ ਪੁੰਨੂੰ', ਦੀ ਮੁੱਢਲੀ ਤੁਕ ਤੋਂ ਹੀ ਜਾਣੀ ਜਾ ਸਕਦੀ ਹੈ :

ਹੁਸਨ ਕਲਾਮ ਜੋ ਸ਼ਾਇਰ ਕਰਦੇ, ਸੁਖ਼ਨ ਨਾ ਸਾਥੀ ਆਇਆ ।
ਜਿਹਾ ਕੁ ਅਕਲ ਸ਼ਊਰ ਅਸਾਡਾ, ਅਸਾਂ ਭੀ ਆਖ ਸੁਣਾਇਆ ।
ਸੁਣ ਸੁਣ ਹੋਤ ਸੱਸੀ ਦੀਆਂ ਬਾਤਾਂ, ਕਾਮਲ ਇਸ਼ਕ ਕਮਾਇਆ ।
'ਹਾਸ਼ਮ' ਜੋਸ਼ ਤਬੀਅਤ ਕੀਤਾ, ਵਹਿਮ ਉਤੇ ਵਲ ਆਇਆ ।

[ ਕਿੱਸਾ ਸੱਸੀ ਪੁੰਨੂੰ]

ਅਤੇ ਜਿਸ ਨੇ ਆਪਣੀ ਸਮੁੱਚੀ ਰਚਨਾ ਦੀ ਮੂਲ-ਪ੍ਰੇਰਨਾ ਅਜਿਹੇ 'ਕਾਮਲ ਇਸ਼ਕ' ਤੋਂ ਹੀ ਮਿਲੀ ਹੋਈ ਦੱਸੀ ਹੈ। ਨਾਲੇ ਇਨ੍ਹਾਂ ਪ੍ਰੀਤ-ਕਹਾਣੀਆਂ ਨੂੰ ਕਵਿਤਾਉਣ ਦਾ ਮੁੱਖ ਮਤਵ ਨਿਰਾ ਇਸ਼ਕ

ਮਜਾਜ਼ੀ ਨੂੰ ਹੀ ਪੇਸ਼ ਕਰਨ ਜਾਂ ਕੋਈ ਸੁਹਜ-ਸੁਆਦ ਮਾਣਨ ਦੀ ਥਾਂ, ਇਸ਼ਕ ਹਕੀਕੀ ਜਾਂ ਹਕੀਕੀ ਵਲ ਲਿਜਾਂਦੇ ਇਸ਼ਕ ਮਜਾਜ਼ੀ ਦੀ 'ਸ਼ਾਨ ਮੁਰਾਦ' ਬਿਆਨਣਾ, ਇਸ ਰਾਹ ਦੇ ਪੰਧਾਊ 'ਦਰਦਮੰਦਾਂ ਦੀ ਸਿਫ਼ਤ' ਮੁਹੱਬਤ ਨੂੰ 'ਧੁਰੋਂ ਆਈ ਬੰਦਗੀ' ਜਾਣ ਕੇ ਗਾਉਣਾ ਅਤੇ ਆਪਣੀ ਰੂਹ ਨੂੰ ਤ੍ਰਿਪਤਾਉਣਾ ਦਸਿਆ ਹੈ। ਆਪਣੀਆਂ ਕਿਰਤਾਂ ਦੇ ਮੁੱਢ ਵਿਚ ਉਨ੍ਹਾਂ ਆਪ ਦਸਿਆ :

੧. ਜਦ ਇਸ ਸ਼ਾਨ ਮੁਰਾਦ ਇਸ਼ਕ ਦੀ, ਮੈਂ ਕਰ ਖ਼ਿਆਲ ਪਛਾਤੀ।
ਦਰਦਮੰਦਾਂ ਦੀ ਸਿਫ਼ਤ ਮੁਹੱਬਤ, ਫ਼ਰਜ਼ ਸਹੀ ਕਰ ਜਾਤੀ।
ਤਾਂ ਇਹ ਸ਼ੌਕ ਪਿਆ ਵਿਚ ਦਿਲ ਦੇ, ਕਰ ਮਿਹਨਤ ਦਿਨ ਰਾਤੀਂ।
'ਹਾਸ਼ਮ' ਦਰਦਮੰਦਾਂ ਦੀ ਹਾਲਤ, ਕਹੀ ਸਦਾ ਰੰਗ-ਰਾਤੀ।

[ਕਿਸਾ ਸੋਹਣੀ ਮੇਹੀਂਵਾਲ]

੨. ਅਲਫ਼ ਉਸ ਦਾ ਕੁਲ ਜ਼ਰੂਰ ਹੈ ਜੀ, ਖ਼ਲਕ ਆਪਣੇ ਆਪਣੇ ਰਾਹ ਪਈ।
ਕਿੱਸਾ ਆਖਣਾ ਆਸ਼ਕਾਂ ਕਾਮਲਾਂ ਦਾ, ਇਹ ਭੀ ਬੰਦਗੀ ਹੈ ਧੁਰੋਂ ਨਾਲ ਆਈ।

[ਹੀਰ ਰਾਂਝੇ ਦੀ ਬਿਰਤੀ]

੩. ਆਸ਼ਿਕ ਅੰਗ ਨਾ ਸਾਕ ਕਿਸੇ ਦੇ, ਲੋਕ ਉਨ੍ਹਾਂ ਨਿੱਤ ਗਾਵਣ।
ਸਿਦਕ ਉਨ੍ਹਾਂ ਦੇ ਜ਼ੋਰੋ ਜ਼ੋਰੀ, ਆਪਣਾ ਨਾਮ ਜਪਾਵਣ।

[ਕਿੱਸਾ ਸ਼ੀਰੀਂ ਫ਼ਰਹਾਦ]

ਆਪਣੇ ਵਿਸ਼ੇ-ਵਸਤੂ ਦੀ ਅਜਿਹੀ ਭਰਪੂਰ ਸ੍ਵੈ-ਚੇਤੰਨਤਾ ਤੇ ਕਲਾ-ਪੂਰਤ ਨਿਭਾਹ ਵਿਚ ਹੀ ਹਾਸ਼ਮ ਦੀ ਵਿਲੱਖਣਤਾ ਹੈ। ਫਿਰ ਖ਼ੂਬੀ ਇਹ ਕਿ ਹਾਸ਼ਮ ਨੂੰ ਇਸ ਗੱਲ ਦਾ ਵੀ ਗਿਆਨ ਸੀ ਕਿ ਅਜਿਹੀ ਦਰਦ-ਸੋਜ਼ ਵਾਲੀ ਕਵਿਤਾ ਵਿਚ ਲੰਮੇਂ ਲੈੜਾਂ ਤੇ ਵਾਧੂ ਵਿਸਥਾਰਾਂ ਦੀ ਗੁੰਜਾਇਸ਼ ਨਹੀਂ ਹੁੰਦੀ। ਇਸ ਲਈ 'ਹੀਰ ਦੀ ਬਿਰਤੀ' ਲਿਖਣ ਲਗਿਆਂ, ਆਲੋਚਨਾਤਮਕ ਜਿਹੀ ਸਿਆਣਪ ਤੋਂ ਕੰਮ ਲੈਂਦਿਆ ਉਨ੍ਹਾਂ ਆਖਿਆ :

ਬੇ ਬਹੁਤ ਹਕਾਇਤਾਂ ਛੋਡ ਕੇ ਮੈਂ, ਰੰਗ ਰਸ ਦੀ ਥੋੜ੍ਹੀ ਹੈ ਬਾਤ ਜੋੜੀ।
ਕਿੱਸਾ ਬਹੁਤ ਤੇ ਦਰਦ ਦਾ ਕੁਝ ਨਾਹੀਂ, ਦਰਦਮਦ ਦੀ ਮਾਰਦੀ ਬਾਤ ਥੋੜ੍ਹੀ।

[ਹੀਰ ਰਾਂਝੇ ਦੀ ਬਿਰਤੀ]

੪

ਹਾਸ਼ਮ ਦੇ ਇਸ਼ਕ ਮਗਰਲੇ ਮੀਆਂ ਮੁਹੰਮਦ ਬਖ਼ਸ਼, ਨੇ ਇਨ੍ਹਾਂ ਹੀ ਦੋ ਗੁਣਾਂ ਨੂੰ ਅਸਲ ਕਵਿਤਾ ਦੀ ਮੁੱਖ ਪਛਾਣ ਦਸਿਆ। ਮੀਆਂ ਸਾਹਿਬ ਇਕ ਲੋਕ-ਪ੍ਰੀਅ ਕਵੀ ਹੋਣ ਤੋਂ ਛੁੱਟ, ਇਕ

ਸਿਆਣੇ ਸਮਾਲੋਚਕ ਵੀ ਸਨ। ਉਨ੍ਹਾਂ ਦੀ "ਸੈਫ਼ੁਲ ਮਲੂਕ" ਜੇ ਪੰਜਾਬੀ ਕਵਿਤਾ ਦੀ ਇਕ ਸ਼ਾਹਕਾਰੀ ਕਿਰਤ ਹੈ, ਤਾਂ ਉਸ ਦੀ ਆਦਿਕਾ ਤੇ ਅੰਤਿਕਾ ਪੰਜਾਬੀ ਸਾਹਿੱਤ-ਸਮਾਲੋਚਨਾ ਦੇ ਇਤਿਹਾਸ ਵਿਚ ਇਕ ਮੀਲ-ਪੱਥਰ ਹੈ। ਪੰਜਾਬੀ ਪਰਖ-ਪੜਚੋਲ ਨੇ ਮੀਆਂ ਸਾਹਿਬ ਦੇ ਪਰਵੇਸ਼ ਨਾਲ ਇਕ ਨਵੀਂ ਤੇ ਯਾਦਗਾਰੀ ਲਾਂਘ ਪੁਟੀ। ਉਨ੍ਹਾਂ ਨੇ ਬਹੁਤ ਸਾਰੇ ਸਮਕਾਲੀ ਤੇ ਪੂਰਬ–ਕਾਲੀ ਕਵੀਆਂ ਦੀ ਕਵਿਤਾ ਨੂੰ ਵਸਤੂ ਤੇ ਰੂਪ ਦੋਹਾਂ ਪੱਖਾਂ ਤੋਂ ਬੜੀ ਰੀਝ ਤੇ ਨੀਝ ਨਾਲ ਪਰਖਿਆ ਅਤੇ ਪੜਚੋਲਿਆ ਹੈ। ਉਨ੍ਹਾਂ ਨੇ ਵੀ ਅਹਿਮਦ ਯਾਰ ਵਾਂਗ ਇਕ ਪਰਖ-ਕਸੌਟੀ ਮਿਥ ਲਈ ਅਤੇ ਦਸਿਆ ਕਿ ਚੰਗੀ ਤੇ ਸਫ਼ਲ ਉਹੀਓ ਹੈ ਜੋ ਦਰਦ-ਸੋਜ਼ ਨਾਲ ਭਰੀ ਪਰੋਤੀ ਹੋਵੇ :—

ਸੁਖ਼ਨ ਭਲਾ ਜੋ ਦਰਦੋਂ ਭਰਿਆ, ਬਿਨ ਦਰਦੋਂ ਕੁਝ ਨਾਹੀਂ,
ਨੜਾਂ ਕਮਾਦਾਂ ਫ਼ਰਕ ਰਹੂ ਦਾ, ਕਿਆ ਕਾਨੀ ਕਿਆ ਕਾਹੀਂ।

[ ਸੈਫ਼ੁਲ ਮਲੂਕ]

ਨਾਲੇ ਜਿਸ ਦਾ ਦੂਜਾ ਖਾਸਾ ਕਲਾਮਈ ਸੰਜਮ ਤੇ ਸੁਹਜ-ਪੂਰਤ ਸੰਕੋਚ ਹੋਵੇ :

ਮੁਖ਼ਤਸਰ ਕਲਾਮ ਉਨ੍ਹਾਂ ਦੀ, ਦਰਦੋਂ-ਭਜੀ ਬੋਟੀ।
ਦਰਦ ਹੋਇਆ ਤਾਂ ਸਭ ਕੁਝ ਹੋਇਆ, ਕਿਆ ਲੰਮੀ ਕਿਆ ਛੋਟੀ।

ਇਸ ਤੋਂ ਛੁਟ, ਉਹ ਗੁੱਝੀਆਂ ਰਮਜ਼ਾਂ ਤੇ ਕਲਾ-ਕੁਸ਼ਲਤਾ ਦੀ ਵੀ ਧਾਰਨੀ ਹੋਵੇ। ਤੇ ਅਜਿਹੇ ਗੁਣ ਕੋਈ ਕਵੀ ਆਪਣੀ ਕਵਿਤਾ ਵਿਚ ਪਾ ਸਕਣ ਦੇ ਸਮਰਥ ਨਹੀਂ ਤਾਂ ਉਸ ਲਈ ਕੱਚੀਂ–ਪਿੱਲੀ ਤੇ ਫਿੱਕੀ–ਫੋਕੀ ਰਚਨਾ ਕਰਨ ਨਾਲੋਂ, ਚੁਪ ਸਾਧ ਲੈਣੀ ਬਿਹਤਰ ਹੈ :

੧. ਜਿਸ ਵਿਚ ਗੁੱਝੀ ਰਮਜ਼ ਨਾ ਹੋਵੇ, ਦਰਦ ਮੰਦਾਂ ਦੇ ਹਾਲੋਂ,
ਬਿਹਤਰ ਚੁਪ 'ਮੁਹੰਮਦ ਬਖ਼ਸ਼ਾ', ਸੁਖ਼ਨ ਅਜਿਹੇ ਨਾਲੋਂ।

੨. ਜੋ ਸ਼ਾਇਰ ਬੇਪੀਰਾ ਹੋਵੇ, ਸੁਖ਼ਨ ਉਹ ਦੇ ਭੀ ਰੁੱਖੇ,
ਬੇਪੀਰੇ ਥੀਂ ਸ਼ਿਅਰ ਨਾ ਹੁੰਦਾ, ਅੱਗ ਬਿਨ ਧੂੰ ਨ ਧੁੱਖੇ।

੩. ਵੇਖੋ ਵੇਖੀ ਬਹੁਤ ਸੁਣਾਵਣ, ਸ਼ਿਅਰੋਂ ਖ਼ਬਰ ਨ ਪਾਵਣ,
ਇਸ ਤਰ੍ਹਾਂ ਤੇ ਸਿਫ਼ਤਾਂ ਸਿੱਠਾਂ, ਬਹੁਤ ਡੂਮ ਬਣਾਵਣ।

੪. ਰਦੀ ਰਦੀਫ਼ੋਂ ਨਾਮ ਨ ਜਾਣਨ, ਕਾਫ਼ੀਉਂ ਬੁਧ ਨਾ ਕਾਈ,
ਵਜ਼ਨ ਬਰਾਬਰ ਟੁਟਦਾ ਜੁੜਦਾ, ਸਨਅੱਤ ਰਸਮ ਨਾ ਕਾਈ।

ਤੇ ਆਪਣਾ ਕਾਵਿ—ਸਿਧਾਂਤ ਇਉਂ ਪੇਸ਼ ਕਰਕੇ, ਮੁਹੰਮਦ ਬਖ਼ਸ਼ ਨੇ ਪੰਜਾਬੀ ਤੇ ਆਪਣੀ ਕਵਿਤਾ ਦੇ ਰੂਪਕ ਪੱਖ ਦੀ ਪੜਚੋਲ ਦੀ ਨੀਂਹ ਵੀ ਧਰ ਦਿੱਤੀ, ਅਤੇ ਇਸ ਦੇ ਖੇਤਰ ਨੂੰ ਹੋਰ ਮੋਕਲਾ ਕਰ ਦਿੱਤਾ । ਪਰ ਦੂਜੇ ਪਾਸੇ ਵਿਸ਼ੇ-ਵਸਤੂ ਦੀ ਮਹੱਤਾ ਨੂੰ ਵੀ ਅੱਖੋਂ ਉਹਲੇ ਨਾ ਹੋਣ ਦਿੱਤਾ, ਸਗੋਂ ਵਧੇਰੇ ਉਜਾਗਰ ਤੇ ਸਪੱਸ਼ਟ ਕਰ ਕੇ ਪੇਸ਼ ਕਰਦਿਆਂ ਲਿਖਿਆ :—

੧. ਸੁਖ਼ਨ ਭਲਾ ਜੋ ਦਰਦੋਂ ਭਰਿਆ, ਬਿਨ ਦਰਦੋਂ ਕੁਝ ਨਾਹੀਂ,
ਨੜਾਂ ਕਮਾਦਾਂ ਫ਼ਰਕ ਰਹੂ ਦਾ, ਕਿਆ ਕਾਨੀ ਕਿਆ ਕਾਹੀ ।

੨. ਦਰਦਮੰਦਾਂ ਦੇ ਸੁਖਨ ਮੁਹੰਮਦ, ਦੇਣ ਗਵਾਹੀ ਹਾਲੋਂ,
ਜਿਸ ਪੱਲੇ ਫੁੱਲ ਬੱਧੇ ਹੋਵਣ, ਆਵੇ ਬੂ ਰੁਮਾਲੋਂ ।

੩. ਹਿਕ ਇਲਮ ਦੇ ਜ਼ੋਰੋਂ ਕਰਦੇ, ਉਹ ਭੀ ਜ਼ਾਹਿਰ ਦਿਸਦਾ,
ਜਿਸ ਪਰ ਹੋਈ ਅੱਤਾ ਇਲਾਹੀ, ਸੁਖ਼ਨ ਨ ਛੁਪਦਾ ਤਿਸਦਾ ।

[ਸੈਫੁਲ ਮਲੂਕ]

੪. ਦਾਨਸ਼ਮੰਦ ਪਛਾਣ ਕਰੇਂਦੇ, ਆਮਾਂ ਸਾਰ ਨਾ ਭਾਈ,
ਲਕੜਹਾਰੇ ਲੈਣ ਬਜ਼ਾਰੋਂ, ਜੋ ਸਸਤੀ ਮਠਿਆਈ ।

ਮੀਆਂ ਮੁਹੰਮਦ ਬਖ਼ਸ਼ ਨੇ ਹਾਸ਼ਮ ਸ਼ਾਹ ਵਾਂਗ ਕਦਰ-ਸ਼ਨਾਸੀ ਤੇ ਸੁਖ਼ਨ—ਸ਼ਨਾਸੀ (ਕਾਵਿ-ਪਛਾਣ) ਦੀ ਅਣਹੋਂਦ ਸਬੰਧੀ ਸ਼ਿਕਾਇਤ ਵੀ ਕੀਤੀ ਅਤੇ ਲਿਖਿਆ :—

੧. ਹਰ ਹਰ ਇਕ ਬਣਾਵੇ ਸ਼ੀਸ਼ਾ, ਮਾਰ ਵਟਾ ਇਕ ਭੰਨਦੇ,
ਦੁਨੀਆ ਉਤੇ ਥੋੜ੍ਹੇ ਰਹਿੰਦੇ, ਕਦਰ ਸ਼ਨਾਸ ਸੁਖ਼ਨ ਦੇ ।

੨. ਅੱਵਲ ਤੇ ਕੁਝ ਸ਼ੌਕ ਨਾ ਕਿਸੇ, ਕੌਣ ਸੁਖ਼ਨ ਅਜ ਸੁਣਦਾ ?
ਜੇ ਸੁਣਸੀ ਤਾਂ ਕਿੱਸਾ ਉਤਲਾ, ਕੋਈ ਨਾ ਰਮਜ਼ਾਂ ਪੁਣਦਾ ।

ਇਸੇ ਲਈ ਉਸ ਨੇ ਸ਼ੁਰੂ ਵਿਚ ਪਾਠਕਾਂ ਤੇ ਪਾਰਖੂਆਂ ਨੂੰ ਬੜੀ ਹਲੀਮੀ ਨਾਲ ਬੇਨਤੀ ਕਰਦਿਆਂ, ਆਖਿਆ :—

੧. ਦਾਨਸ਼ਮੰਦੋ ! ਸੁਣੋ ਤਮਾਮੀ, ਅਰਜ਼ ਫ਼ਕੀਰ ਕਰੇਂਦਾ,
ਆਪੋਂ ਚੰਗਾ ਜੇ ਕੋਈ ਹੋਵੇ, ਹਰ ਨੂੰ ਭਲਾ ਤੱਕੇਂਦਾ ।
ਤੱਕ ਤੱਕ ਐਬ ਨਾ ਕਰਦੇ ਦਾਨੇ, ਚੰਗੇ ਲੋਕ ਕਦਾਈਂ,
ਨੁਕਤਾ ਚੀਨੀ, ਫ਼ਿਤਨਾਸੋਜ਼ੀ, ਭਲਿਆਂ ਦਾ ਕੰਨ ਨਾਹੀਂ ।
ਐਬੋਂ ਪਾਕ ਖੁਦਾਵੰਦ ਆਲਮ, ਕੌਣ ਕਿਸੇ ਨੂੰ ਆਖੇ ?

ਕਾਹਨੂੰ ਗੱਲ ਕਿਸੇ ਦੀ ਕਰਨੀ, ਮੈਂ ਭੀ ਸ਼ਾਇਰ ਭਾਖੇ ।
ਮੇਰੇ ਨਾਲੋਂ ਹਰ ਕੋਈ ਬਿਹਤਰ, ਮੈਂ ਹੀ ਨੀਚ ਇਆਣਾ,
ਥੋੜ੍ਹਾ ਬਹੁਤਾ ਸ਼ਿਅਰ ਸੁਖ਼ਨ ਦਾ, ਘਾਟਾ ਵਾਧਾ ਜਾਣਾ ।

ਇਸੇ ਲਈ ਉਸ ਨੇ ਆਪਣੀ ਸਮਾਲੋਚਨਾ ਦੀ ਰੁਚੀ ਤੇ ਆਸ਼ਾ ਪ੍ਰਸ਼ੰਸਾਤਮਕ ਹੀ ਰਖਿਆ । ਉਸ ਨੇ ਅਹਿਮਦ ਯਾਰ ਨੂੰ ਇਕ ਪੜਚੋਲੀਆ ਤੇ ਨੁਕਤਾਚੀਨ ਮੰਨ ਕੇ ਆਪਣੀ ਸਮਾਲੋਚਨਕ-ਨੀਤੀ ਇਉਂ ਪਰਗਟ ਕੀਤੀ :—

ਜਿਥੇ ਜਿਥੇ ਘਾਟਾ ਵਾਧਾ, ਜੇ ਮੈਂ ਉਂਗਲ ਧਰਦਾ,
ਅਹਿਮਦ ਯਾਰ ਮੁਨਸਫ਼ ਵਾਂਗਰ, ਨਾ ਕੋਈ ਮੁਅਲਮ ਕਰਦਾ ।
ਥੋੜ੍ਹੀ ਬਹੁਤੀ ਤੋਹਮਤ ਕੋਲੋਂ, ਕੌਣ ਕੋਈ ਬਚ ਰਹਿੰਦਾ ?
ਪਰ ਮੈਂ ਆਪੂੰ ਔਗੁਣਹਾਰਾ, ਦੂਸਰਿਆਂ ਨਹੀਂ ਕਹਿੰਦਾ ।
ਪਰਦਾ ਪੋਸ਼ੀ ਕੰਮ ਫ਼ਕਰ ਦਾ, ਮੈਂ ਤਾਲਿਬ ਫ਼ੁਕਰਾਵਾਂ ।
ਐਬ ਕਿਸੇ ਦੇ ਫੋਲ ਨਾ ਸਕਾਂ, ਹਰ ਇਕ ਥੀਂ ਸ਼ਰਮਾਵਾਂ ।
[ ਸੈਫ਼ੁਲ ਮਲੂਕ]

ਜਿਸ ਨੂੰ ਇਸ਼ਕ ਕਿਸੇ ਦਾ ਹੋਵੇ, ਉਸ ਦੇ ਐਬ ਨ ਦਿਸਦੇ ।
ਸੁਖ਼ਨਾਂ ਦੇ ਜੋ ਆਸ਼ਿਕ ਬੰਦੇ, ਐਬ ਨ ਢੂੰਢਣ ਇਸ ਦੇ ।

ਇਸੇ ਨੀਤੀ ਨੂੰ ਮੁਖ ਰਖ ਕੇ, ਉਹਨੇ ਆਪਣੇ ਪਾਠਕਾਂ ਤੇ. ਪਾਰਖੂਆਂ ਨੂੰ ਮੁੜ ਸੰਬੋਧਨ ਕਰਦਿਆਂ, ਆਖਿਆ :—

੧. ਕਰਮ ਕਰੋ ਤੇ ਐਬ ਛੁਪਾਓ, ਪੜ੍ਹੋ ਸੰਭਾਲਾ ਕਰ ਕੇ,
ਡੂੰਘੀ ਨਜ਼ਰੇ ਮੁੜ ਮੁੜ ਸਮਝੋ, ਲੰਘ ਨਾ ਜਾਓ ਤਰ ਕੇ ।
ਨਾ ਸ਼ੇਖੀ ਵੱਡਿਆਈ ਕੋਈ, ਝੋਲ ਅੱਡੀ ਕੁਝ ਪਾਓ,
ਜੇ ਕੋਈ ਸਹਿਵ ਖ਼ਤਾਇ ਹੋਵੇ, ਬਖਸ਼ੋ ਤੇ ਬਖਸ਼ਾਓ ।

੨. ਸੁਖ਼ਨਾਂ ਵਿਚ ਤੁਸੀਂ ਭੀ ਜੇਕਰ, ਵੇਖੋ ਸੁਖ਼ਨ ਅਵੱਲਾ,
ਖ਼ਲਕ ਖ਼ੁਦਾਈ ਕਰ ਕੇ ਕੱਜੋ, ਘਤ ਸ਼ਰਮ ਦਾ ਪੱਲਾ ।
ਸੈਂਕੜਿਆਂ ਥੀਂ ਜੇ ਇਕ ਆਵੇ, ਸੁਖ਼ਨ ਪਸੰਦ ਤੁਸਾਨੂੰ,
ਓਸ ਹਿਕ ਚੰਗੇ ਪਿੱਛੇ ਬਖਸ਼ੋ, ਸਾਰੇ ਮੰਦੇ ਮੈਨੂੰ ।

ਸਾਡਾ ਇਹ ਅਲੋਚਕ ਇਸ ਗੱਲੋਂ ਵੀ ਚੇਤੰਨ ਸੀ ਕਿ 'ਘਰ ਦਾ ਜੋਗੀ ਜੋਗੜਾ ਤੇ ਬਾਹਰ ਦਾ ਜੋਗੀ ਸਿੱਧ' ਕਹੀਂਦਾ ਹੈ :—

ਸ਼ਿਅਰ ਮੇਰੇ ਇਸ ਮੁਲਕ ਅਪਣੇ ਵਿਚ, ਪਾਂਦੇ ਮੂਲ ਨ ਕੀਮਤ,
ਦੂਰ ਦੁਰਾਡੇ ਜਿਸ ਨੂੰ ਲੱਭਣ, ਜਾਣੇ ਬਹੁਤ ਗ਼ਨੀਮਤ ।
ਕੇਸਰ ਸਸਤਾ ਹੈ ਕਸ਼ਮੀਰੇ, ਪੁੱਛੋ ਮੁੱਲ ਲਾਹੌਰੋਂ,
ਪਿਸਤਾ ਤੇ ਬਦਾਮ ਮੁਹੰਮਦ, ਸਸਤੇ ਮਿਲਣ ਪਿਸ਼ੌਰੋਂ ।
[ਸੈਫ਼ੁਲ ਮਲੂਕ]

ਮੁਹੰਮਦ ਬਖ਼ਸ਼ ਸ਼ਿਅਰ ਨੂੰ ਗਾ ਕੇ ਪੜ੍ਹਨ ਦੀ ਮਹੱਤਾ ਤੋਂ ਵੀ ਜਾਣੂ ਸੀ । ਜੇ ਵਾਰਸ ਨੇ ਅਜਿਹੀ 'ਫ਼ਰਮਾਇਸ਼' ਨੂੰ ਮੁਖ ਰਖ ਕੇ ਆਪਣੀ ਰਚਨਾ ਕੀਤੀ—

ਇਸ ਪ੍ਰੇਮ ਦੀ ਝੋਕ ਦਾ ਸਭ ਕਿੱਸਾ,
ਜੀਭਾ ਸੋਹਣੀ ਨਾਲ ਸਣਾਈਏ ਜੀ ।

ਯਾਰਾਂ ਨਾਲ ਮਜਾਲਸਾਂ ਵਿਚ ਬਹਿ ਕੇ,
ਮਜ਼ਾ ਹੀਰ ਦੇ ਇਸ਼ਕ ਦਾ ਪਾਈਏ ਜੀ ।

[ ਕਿੱਸਾ ਹੀਰ ਵਾ ਰਾਂਝਾ]

ਤਾਂ ਮੁਹੰਮਦ ਬਖ਼ਸ਼ ਨੇ ਪਹਿਲਾਂ ਹੀ ਇਸ ਵਲ ਉਚੇਚਾ ਧਿਆਨ ਦੁਆਂਦਿਆਂ ਸਾਫ਼ ਆਖਿਆ :—

ਕਰੇ ਸਵਾਲ ਫ਼ਕੀਰ ਮੁਹੰਮਦ ਪੜ੍ਹਨੇ ਵਾਲੇ ਤਾਂਈਂ,
ਰੌਣਕ ਖੜੀਂ ਨਾ ਸ਼ਿਅਰ ਮੇਰੇ ਦੀ, ਨਾਲ ਅਦਾ ਸੁਣਾਈਂ।
ਬਾਝ ਅਦਾ ਅਵਾਜ਼ ਸੁਰੀਲੇ, ਲਗਦਾ ਸ਼ਿਅਰ ਅਲੂਣਾਂ,
ਦੁੱਧ ਅੰਦਰ ਜੇ ਖੰਡ ਰਲਾਈਏ, ਮਿੱਠਾ ਹੁੰਦਾ ਦੂਣਾ ।
ਸੁਟ ਪਸੁਟਾ ਕਰ ਕੇ ਪੜ੍ਹਿਆਂ, ਲੱਜ਼ਤ ਕੁਝ ਨ ਰਹਿੰਦੀ,
ਜਿਸ ਦੇ ਬੇਟੇ ਨੂੰ ਕੋਈ ਮਾਰੇ, ਕਦ ਉਸ ਦੀ ਜਿੰਦ ਸਹਿੰਦੀ ?
ਜਿਉਂਕਰ ਬੇਟੇ ਤੁਸਾਂ ਪਿਆਰੇ, ਤਿਵੇਂ ਬੈਂਤ ਅਸਾਂਨੂੰ,
ਬੇਟੇ ਨੂੰ ਕੋਈ ਉਂਗਲ ਲਾਵੇ, ਲਗਦੇ ਬੈਂਤ ਤੁਸਾਨੂੰ ।
ਦੁਸ਼ਮਨ ਵਾਂਗ ਦਿਸੇ ਉਹ ਸਾਨੂੰ, ਜੇ ਕੋਈ ਬੈਂਤ ਤਰੋੜੇ,
ਤੇ ਨਾਜ਼ਕ ਨਾਲ ਸੁਦਰ ਦੇ ਐਵੇਂ ਕੰਨ ਮਰੋੜੇ ।

[ਸੈਫ਼ੁਲ ਮਲੂਕ]

ਇਹ ਕਵੀ ਆਲੋਚਕ ਆਪਣੀ ਰਚਨਾ ਦੇ ਕੇਵਲ ਮੁੱਲ ਤੋਂ ਹੀ ਨਹੀਂ ਜਾਣੂ, ਸਗੋਂ ਵਾਰਸ ਵਾਂਗ, ਇਸ ਦੇ 'ਯਾਦਗਾਰੀ' ਹੋਣ ਬਾਰੇ ਵੀ ਚੇਤੰਨ ਹੈ :—

ਮੈਂ ਸ਼ੁਹਦਾ ਮਰ ਖ਼ਾਕ ਰੁਲੇਸਾਂ, ਝਲ ਹਿਜਰ ਦੀ ਕਾਨੀ,
ਜੇ ਰੱਬ ਸੱਚੇ ਰੋਸ਼ਨ ਕੀਤੇ, ਰਹਿਸਣ ਸੁਖ਼ਨ ਨਿਸ਼ਾਨੀ ।

ਮੁਹੰਮਦ ਬਖ਼ਸ਼ ਨੇ ਅਗੇਰੇ ਜਾ ਕੇ ਪ੍ਰਸਿੱਧ ਪਜਾਬੀ ਕਵੀਆਂ ਬਾਰੇ ਜੋ ਟੀਕਾ ਟਿਪਣੀ ਕੀਤੀ ਹੈ, ਉਸ ਦਾ ਆਧਾਰ ਉਸ ਦੀ ਉਕਤ ਰੁਚੀ ਤੇ ਵਿਚਾਰ ਹੀ ਹਨ । ਉਸ ਨੇ ਸ਼ੇਖ ਫ਼ਰੀਦ ਤੋਂ ਲੈ ਕੇ ਆਪਣੇ ਸਮੇਂ ਤਕ ਦੇ ਦਰਜਨਾਂ ਕਵੀਆਂ ਨੂੰ ਇਸ ਘੇਰੇ ਵਿਚ ਲਿਆ ਖਲਾਰਿਆ ਹੈ । ਉਸ ਤੋਂ ਪਹਿਲਾਂ ਕਿਸੇ ਵੀ ਆਲੋਚਕ ਨੇ ਇੰਨੇ ਪੰਜਾਬੀ ਕਵੀਆਂ ਜਾਂ ਲੇਖਕਾਂ ਦਾ ਜ਼ਿਕਰ

ਨਹੀਂ ਕੀਤਾ। ਕਈਆਂ ਦੇ ਤਾਂ ਨਾਂ–ਪਤੇ ਹੀ ਸਾਨੂੰ ਮੁਹੰਮਦ ਬਖ਼ਸ਼ ਦੀ ਇਸ ਆਲੋਚਨਾ ਰਾਹੀਂ ਹੀ ਪਤਾ ਲਗੇ ਹਨ। ਪੰਜਾਬੀ ਸ਼ਾਇਰਾਂ ਦਾ 'ਤਜ਼ਕਰਾ' ਸ਼ੁਰੂ ਕਰਦਿਆਂ, ਉਹ ਲਿਖਦੇ :—

੧. ਅਗੇ ਸਖ਼ੀ ਬਤੇਰੇ ਹੋਏ, ਸ਼ਾਇਰ ਚੰਗ ਚੰਗੇਰੇ,
ਨਿੱਕੇ ਵੱਡੇ ਮੁਹੰਮਦ ਬਖ਼ਸ਼ਾ, ਮੈਂਥੀਂ ਸਭ ਉਚੇਰੇ।
ਵੱਡੇ ਨਜ਼ਮ ਕਿਤਾਬਾਂ ਵਾਲੇ, ਕੌਣ ਉਨ੍ਹਾਂ ਨੂੰ ਰਲਦਾ,
ਮਦਾਹ ਉਨ੍ਹਾਂ ਦੀ ਆਖਣ ਜੋਗਾ, ਨਾਹੀਂ ਕਦਰ ਅਕਲ ਦਾ।

੨. ਸ਼ਾਇਰ ਬਹੁਤ ਪੰਜਾਬ ਜ਼ਿਮੀ ਦੇ, ਹੋਏ ਦਾਨਸ਼ ਵਾਲੇ,
ਕਾਫ਼ੀ ਬਾਰਾਂਮਾਹ ਜਿਨ੍ਹਾਂ ਦੇ, ਦੋਹਰੇ ਬੈਂਤ ਉਜਾਲੇ।
ਇਕਨਾ ਜੋ ਕਿਤਾਬਾਂ ਲਿਖੀਆਂ, ਕਿੱਸੇ ਹੋਰ ਰਸਾਲੇ,
ਕਿਧਰ ਗਏ ਉਹ ਸੰਗ ਮੁਹੰਮਦ, ਕਰ ਕੇ ਵੇਖ ਸੰਭਾਲੇ।

ਉਪਰੰਤ ਉਹ ਵੱਖ ਵਖ ਕਵੀਆਂ ਦੇ ਨਾਂ ਲੈ ਲੈ ਕੇ ਆਪਣੀਆਂ ਰਾਵਾਂ ਪਰਗਟ ਕਰਦਾ ਗਿਆ ਹੈ। ਸਭ ਤੋਂ ਪਹਿਲਾਂ ਆਦਿ-ਕਾਵ, ਸ਼ੇਖ ਫ਼ਰੀਦ, ਦਾ ਹੀ ਜ਼ਿਕਰ ਕੀਤਾ ਹੈ :—

ਅਵੱਲ 'ਸ਼ੇਖ ਫ਼ਰੀਦ' ਸ਼ਕਰਗੰਜ, ਆਰਿਫ਼ ਅਹਿਲ ਵਲਾਇਤ,
ਹਿਕ ਹਿਕ ਸੁਖ਼ਨ ਜ਼ਬਾਨ ਉਹਦੀ ਦਾ, ਰਹਿਬਰ ਰਾਹ ਹਦਾਇਤ।

ਉਸ ਦੀ ਸੂਚੀ ਵਿਚ ਸ਼ਾਮਲ ਕਵੀ, ਅਹਿਮਦਯਾਰ ਦੀ ਸੂਚੀ ਵਾਂਗ, ਕੇਵਲ ਮੁਸਲਮਾਨ ਹੀ ਹਨ। ਪਰ ਇਕ ਫ਼ਰਕ ਇਹ ਹੈ ਕਿ ਇਸ ਵਿਚ ਕੇਵਲ ਕਿਸਾ-ਕਾਰ ਹੀ ਨਹੀਂ, ਸੂਫ਼ੀ ਸਾਹਿੱਤਕਾਰ ਵੀ ਸ਼ਾਮਲ ਹੋ ਗਏ ਸਨ। ਉਨ੍ਹਾਂ ਵਿਚੋਂ ਕੁਝ ਪਰਮੁਖ ਕਵੀਆਂ ਬਾਰੇ ਉਸ ਦੇ ਵਿਚਾਰ, ਵੰਨਗੀ ਵਜੋਂ, ਨਿਮਨਲਿਖਤ ਹਨ :—

੧. 'ਬੁਲ੍ਹੇ ਸ਼ਾਹ' ਦੀ ਕਾਫ਼ੀ ਸੁਣ ਕੇ, ਤਰੁਟਦਾ ਕੁਫ਼ਰ ਅਦਰ ਦਾ,
ਵਹਿਦਤ ਦੇ ਦਰਿਆ ਦੇ ਅੰਦਰ, ਉਹ ਭੀ ਦੁਨੀਆਂ ਤਰਦਾ।

੨. 'ਫ਼ਰਦ ਫ਼ਕੀਰ' ਹੋਇਆ ਕੋਈ ਖ਼ਾਸਾ, ਮਰਦ ਸਫ਼ਾਈ ਵਾਲਾ,
ਫ਼ਿਕਾ ਅੰਦਰ ਭੀ ਚੁਸਤ ਸੁਖ਼ਨ ਹੈ, ਇਸ਼ਕ ਅੰਦਰ ਖ਼ੁਸ਼-ਚਾਲਾ।
ਬਾਬੋ ਬਾਬ ਫ਼ਿਕਰ ਦੇ ਅੰਦਰ, ਵੜਿਆ ਨਾਲ ਸੰਭਾਲੇ,
ਬੈਂਤ ਤਰਾਜ਼ੂ ਤੋਲ ਬਣਾਇਉਸ, ਮਸਲੇ ਦਸਿਉਸੁ ਨਾਲੇ।

੩. 'ਵਾਰਸ ਸ਼ਾਹ' ਸੁਖ਼ਨ ਦਾ ਵਾਰਸ, ਦੇ ਕੌਣ ਉਨ੍ਹਾਂ ਨੂੰ ?
ਹਰਫ਼ ਉਹਦੇ ਤੇ ਉਂਗਲ ਧਰਨੀ, ਨਾਹੀਂ ਕਦਰ ਅਸਾਨੂੰ।
ਜਿਹੜੇ ਉਸ ਚੋਹੜੇ ਆਖੇ, ਜੇ ਸਮਝੇ ਕੋਈ ਸਾਰੇ,
ਹਿਕ ਹਿਕ ਸੁਖ਼ਨ ਅੰਦਰ ਖ਼ੁਸ਼ਬੋਈ, ਵਾਂਗ ਫੁਲਾਂ ਦੇ ਖਾਰੇ।

੪. 'ਮੁਕਬਲ' ਦੀ ਗੱਲ ਸਿਧੀ ਸਾਦੀ, ਹੈ ਮੁਕਬਲ ਪਿਆਰੀ,
ਲਫ਼ਜ਼ ਥੋੜ੍ਹੇ ਤੇ ਮਹਿਨੇ ਬਹੁਤੇ, ਯਾਦ ਰਖਣ ਦੀ ਕਾਰੀ ।
ਮਦਹ ਮੁਬਾਰਕ ਅੰਦਰ ਪਹਿਲਾ, ਬੈਂਤ ਕਿਹਾ ਉਸ ਜੈਸਾ,
ਇੱਕੋ ਬਾਤ ਲੱਖਾਂ ਥੀਂ ਉੱਚੀ, ਧੰਨ ਮੁਸਨਫ਼ ਐਸਾ ।

੫. 'ਰਾਂਝਾ ਬਰਖ਼ੁਰਦਾਰ' ਸੁਣੀਂਦਾ, ਬੁਲਬੁਲ ਬਾਗ ਸੁਖ਼ਨ ਦੀ,
ਸ਼ਿਅਰ ਉਹਦਾ ਜਿਉਂ ਵਾਉ ਫ਼ਜਰ ਦੀ, ਆਏ ਬਾਗ਼ ਚਮਨ ਦੀ ।

੬. 'ਹਾਸ਼ਮ ਸ਼ਾਹ' ਦੀ ਹਸ਼ਮਤ ਬਰਕਤ, ਗਿਣਤਰ ਵਿਚ ਨਾ ਆਵੇ,
ਦੁੱਰ ਯਤੀਮ ਜਵਾਹਿਰ-ਲੜੀਆਂ, ਜਾਹਿਰ ਕੱਢ ਲਿਆਵੇ ।
ਉਹ ਭੀ ਮੁਲਕ ਸੁਖ਼ਨ ਦੇ ਅੰਦਰ, ਰਾਜਾ ਸੀ ਸਰਕਰਦਾ,
ਜਿਸ ਕਿੱਸੇ ਦੀ ਚੜ੍ਹੇ ਮਹਿੰਮੇ, ਸੋਈਓ ਸੀ ਸਰ ਕਰਦਾ ।
ਮੁਖ਼ਤਸਰ ਕਲਾਮ ਉਨ੍ਹਾਂ ਦੀ, ਦਰਦੋਂ-ਭੁਜੀ ਬੋਟੀ,
ਦਰਦ ਹੋਇਆ ਤਾਂ ਸਭ ਕੁਝ ਹੋਇਆ, ਕਿਆ ਲੰਮੀ ਕਿਆ ਛੋਟੀ ।

੭. 'ਹਾਫ਼ਜ਼ ਬਰਖ਼ੁਰਦਾਰ' ਮੁੱਸਨਫ਼, ਗੋਰ ਜਿਨ੍ਹਾਂ ਦੀ ਚਿੱਟੀ,
ਹਰ ਹਰ ਬੈਂਤ ਉਨ੍ਹਾਂ ਦਾ ਮਿੱਠਾ, ਜਿਉਂ ਮਿਸਰੀ ਦੀ ਖਿਟੀ ।

੮. ਫੇਰ ਵਲਾਇਤ ਸ਼ਿਅਰ ਸੁਖਨ ਦੀ, 'ਅਹਿਮਦ ਯਾਰ' ਸੰਭਾਲੀ,
ਧੌਂਸਾ ਮਾਰ ਤਖ਼ਤ ਪਰ ਬੈਠਾ, ਮਲ ਪੰਜਾਬ ਹਵਾਲੀ ।
ਤੇਜ਼ ਜ਼ਬਾਨ ਚਲਾਇਉਸੁ ਤਿੱਖੀ, ਵਿਚ ਪੰਜਾਬ ਜ਼ਮੀਨੇ,
ਸਿੱਕਾ ਮੁਲਕ ਸੁਖ਼ਨ ਦੇ ਉੱਤੇ, ਜੜ੍ਹਿ ਉਸੁ ਨਾਲ ਆਈਨੇ ।

੯. ਮੀਆਂ ਹਿਕ 'ਇਮਾਮ ਬਖ਼ਸ਼' ਸੀ, ਰਹਿੰਦਾ ਪਸੀਆਂ ਵਾਲੇ,
ਸ਼ਿਅਰ ਉਹਦਾ ਭੀ ਵਾਂਗ ਸਬੂਣੇ, ਮੈਲ ਦਿਲਾਂ ਥੋਂ ਟਾਲੇ ।

ਜਿਥੋਂ ਤਕ ਤੁਲਨਾਤਮਕ ਆਲੋਚਨਾ ਤੇ ਸ੍ਵੈ-ਪੜਚੋਲ ਦਾ ਸਬੰਧ ਹੈ, ਮੀਆਂ ਮੁਹੰਮਦ ਬਖ਼ਸ਼ ਨੇ ਉਸ ਦੀ ਵੀ ਇਕ ਚੰਗੀ ਤੇ ਨਿਰਪੱਖ ਮਿਸਾਲ ਕਾਇਮ ਕੀਤੀ ਹੈ । ਲਿਖਦਾ ਹੈ :—

ਗੁਜਰ ਅੰਦਰ ਦੋਹਰਾਂ ਵਾਲੇ, ਮਰਦ ਹੋਇਆ ਕੋਈ ਅਗੇ,
ਉਸ ਭੀ ਨਾਂ 'ਮੁਹੰਮਦ' ਆਹਾ, ਲਗਾ ਉਸ ਉਸਰਗੇ ।
ਥੋੜ੍ਹੇ ਜਿਹੇ ਬੈਂਤ ਬਣਾ ਉਸ, ਸੁਤੇ ਦਰਦ ਜਗਾਂਦੇ,
ਸਾਂਗ ਗ਼ਜ਼ਬ ਦੀ ਵਾਂਗ ਮੁਹੰਮਦ, ਸਲ ਕਲੇਜੇ ਜਾਂਦੇ ।

ਮੇਰੇ ਉਸ ਦੇ ਬੈਂਤ ਨਾ ਰਲਦੇ, ਜੇ ਕਰ ਸਮਝੋ ਭਾਈ,
ਇਹਨਾਂ ਅੰਦਰ ਸਨਅੱਤ ਡੂਘੀ, ਉਨ੍ਹਾਂ ਵਿਚ ਸਫ਼ਾਈ ।
ਨਾਲੇ ਹੋਰ ਨਿਸ਼ਾਨੀ ਮੇਰੀ, ਮੁਅਲਮ ਹੁੰਦੀ ਜ਼ਾਹਿਰ,
ਵਜ਼ਨ ਹਿਸਾਬ ਨਜ਼ਮ ਦੇ ਵਿਚੋਂ, ਨਾਮ ਨਾ ਹੋਸੀ ਬਾਹਿਰ ।
ਮਿਸਰੇ ਅੰਦਰ ਜੜ੍ਹਿਆ ਹੋਸੀ, ਜਿਉਂ ਥੇਵਾ ਵਿਚ ਛਾਪੇ,
ਜੇ ਕੋਈ ਡੂੰਘੀ ਨਜ਼ਰੋਂ ਵੇਖੇ, ਬੈਤੋਂ ਬੈਂਤ ਸਿੰਞਾਪੇ ।

[ਸੈਫ਼ੁਲ ਮਲੂਕ ਵਾ ਬਦੀਉਲ ਜਮਾਲ]

ਅਜਿਹੇ ਨਿਰਪੱਖ ਤੇ ਵਿਆਪਕ, ਰਵਾਂ ਤੇ ਰੋਚਕ, ਅਤੇ ਆਲੋਚਨਾਤਮਕ ਬਿਆਨ ਵਿਚ ਪਜਾਬੀ ਸਮਾਲੋਚਨਾ ਨੇ ਨਵੀਆਂ ਸਿਖਰਾਂ ਛੋਹੀਆਂ ।

ਜਦੋਂ ਫ਼ਜ਼ਲ ਸ਼ਾਹ (੧੮੨੭-੧੮੯੦ ਈ.) ਮੈਦਾਨ ਵਿਚ ਨਿਤਰਿਆ, ਉਦੋਂ ਉਹ ਵੀ ਇਸੇ ਪਹੇ ਤੁਰਨ ਲਗ ਪਿਆ । ਆਪਣੀ ਮੁੱਢਲੀ ਤੇ ਲੋਕ-ਪ੍ਰੀਅ ਰਚਨਾ, 'ਕਿਸਾ ਸੋਹਣੀ ਮੇਹੀਂਵਾਲ' (੧੮੪੮ ਈ.), ਵਿਚ ਉਸ ਨੇ ਹਾਸ਼ਮ ਸ਼ਾਹ, ਅਹਿਮਦ ਯਾਰ ਤੇ ਮੁਹੰਮਦ ਬਖ਼ਸ਼ ਦੀ ਹੇਕ ਨਾਲ ਹੀ ਇਕ-ਸੁਰ ਹੋ ਕੇ ਆਖਿਆ :

੧. ਗੱਲ ਦਰਦ ਦੇ ਨਾਲ ਹੈ ਗ਼ਰਜ਼ ਮੈਨੂੰ,
ਕੀਤਾ ਤੁਲ ਨਾ ਜਿਵੇਂ ਵਧਾਂਵਦੇ ਜੀ ।
'ਫ਼ਜ਼ਲ ਸ਼ਾਹ' ਬੇਦਰਦ ਅਲਾਂਵਦੇ ਜੀ ।

੨. ਇਤਨਾਂ ਦਰਦ ਮੈਨੂੰ ਜੇਕਰ ਆਹ ਮਾਰਾਂ,
ਦਿਆਂ ਰੁੱਖ ਦਰੱਖ਼ਤ ਜਲਾ ਮੀਆਂ ।
ਤਾਂ ਹੀ ਸ਼ਿਅਰ ਮੇਰਾ ਪੁਰ-ਸ਼ਿਹਰ ਹੋਇਆ,
ਕੀਤਾ ਰੱਬ ਰਸੂਲ ਅਤਾ ਮੀਆਂ ।

[ਕਿੱਸਾ ਸੋਹਣੀ ਮਹੀਂਵਾਲ]

ਪਰ ਉਹ ਛੇਤੀ ਹੀ ਪਿੱਛੋਂ, ਰੂਪਕ ਪੱਖ ਵਲ ਵਧੇਰੇ ਪਰੇਰਤ ਹੋ ਗਿਆਂ । ਉਸ ਦੇ ਸ਼ਬਦ-ਕਲੋਲਾਂ ਤੇ 'ਸੱਨਅਤੀ ਚਲਾਕੀਆਂ' ਨੇ ਸਾਡੀ ਆਲੋਚਨਾ ਦਾ ਮੂੰਹ ਵੀ 'ਵਸਤੂ' ਦੀ ਥਾਂ 'ਭਾਂਡੇ' ਵਲ, ਲੋੜ ਤੋਂ ਵਧ, ਮੋੜ ਦਿੱਤਾ । ਚੰਗੀ ਕਵਿਤਾ ਦਾ ਮਾਪ ਹੁਣ 'ਦਰਦ-ਸੋਜ਼' ਦੀ ਥਾਂ 'ਲਫ਼ਜ਼ੀ ਹੇਰਾ-ਫੇਰੀਆਂ' ਦੀ ਈਨ ਵੀ ਮੰਨਣ ਲਗ ਪਿਆ । ਫ਼ਜ਼ਲ ਸ਼ਾਹ ਤੋਂ ਪਹਿਲਾਂ ਦੀ ਸਮਾਲੋਚਨਾ ਬਾਹਲੀ ਤਾਂ ਵਿਆਖਿਆ, ਪਰਸ਼ੰਸਾ ਤੇ ਟੀਕਾ ਟਿਪਣੀ ਵਿਚ ਹੀ ਵਿਚਰਦੀ ਰਹੀ ਸੀ । ਫ਼ਜ਼ਲ ਸ਼ਾਹ ਨੇ ਉਸ ਵਿਚ ਈਰਖਾ, ਦ੍ਵੇਖ ਤੇ ਦਿਾਂ ਨਿੰਦਾ ਅੰਸ਼ ਵੀ ਪਾ ਦਿੱਤਾ । ਉਸ ਨੇ ਆਪਣੀ ਕਲਾ-ਕੁਸ਼ਲਤਾ ਦਾ ਦਮਗਜ਼ਾ ਮਾਰਦਿਆਂ ਤੇ ਆਪਣੇ ਆਪ ਨੂੰ ਪਰਮੁੱਖ ਕਵੀ ਮਿਥਦਿਆਂ, ਆਖਿਆ :

ਸ਼ਹਿਰ ਸ਼ਹਿਰ ਸ਼ੁਹਰਾ ਮੇਰਾ ਸ਼ਿਅਰ ਸੇਤੀ,
**ਮਲਕ ਮਲਕ ਮਲਕ-ਉਸ-ਸ਼ੁਆਰਾ ਬੋਲੀ ।**

ਫਿਰ ਵਾਰਸ ਸ਼ਾਹ ਉਤੇ ਚੋਟ ਕਰਦਿਆਂ ਲਿਖਿਆ :—

ਵਾਰਸ ਸ਼ਾਹ ਹਸਾਇਆ ਜਗ ਆਮਾਂ ਖਾਸਾ,
ਤੁਸਾਂ ਰੁਵਾਉਣਾ ਜ਼ਾਰ ਪਿਆਰੇ ।
ਹੱਸਣ ਵਾਲਿਆਂ ਨੂੰ ਹੱਸਣ ਲੋਕ ਦਾਨੇ,
ਅਤੇ ਰੋਂਦਿਆਂ ਕਰਨ ਪਿਆਰ ਪਿਆਰੇ ।

[ਕਿੱਸਾ ਹੀਰ ਰਾਂਝਾ]

ਉਸ ਦੀ ਰੀਸੇ, ਪੀਰ ਨੇਕ ਆਲਮ (ਜਨਮ ੧੮੫੭ ਈ) ਨੇ ਵੀ ਆਪਣੀ ਈਰਖਾ ਦੀ ਭੜਾਸ ਨੂੰ ਇਉਂ ਹਵਾ ਲਵਾਈ :

ਅਸਾਂ ਸ਼ਾਇਰ ਪੰਜਾਬੀ ਦੇ ਬਹੁਤ ਡਿੱਠੇ,
ਠੱਪੀ ਰਹਿਣ ਦੇ ਗੱਲ ਅਖਵਾਇ ਨਾਹੀਂ ।
ਫ਼ਜ਼ਲ ਸ਼ਾਹ ਵਗੈਰਾ ਨੂੰ ਛੱਡ ਯਾਰਾ,
ਵਾਰਸ ਸ਼ਾਹ ਭੀ ਅਜ ਖ਼ੁਸ਼ਹਾਲ ਨਾਹੀਂ ।
ਸਮਝਣ ਸਦਾ ਪੰਜਾਬੀ ਦੇ ਸਭ ਸ਼ਾਇਰ,
ਵਾਰਸ ਸ਼ਾਹ ਨੂੰ ਗੁਰੂ ਘੰਟਾਲ ਨਾਹੀਂ ।
ਉਹਦੀ 'ਹੀਰ' ਦਾ ਹੈ ਜਵਾਬ 'ਸੁਗਾਰ',
ਕਰੇਂ ਦੋਹਾਂ ਦੀ ਕਿਉਂ ਪੜਤਾਲ ਨਾਹੀਂ ?

[ਅਸਗ਼ਰ ਸੁਗ਼ਰਾ]

੫

ਤੇ ਜਦੋਂ ਇਸ ਦੀ ਵਾਗ-ਡੋਰ ਵੀਹਵੀਂ ਸਦੀ ਦੇ ਉਦੇ ਨਾਲ, ਮੀਆਂ ਮੌਲਾ ਬਖ਼ਸ਼ ਕੁਸ਼ਤਾ ਤੇ ਬਾਵਾ ਬੁਧ ਸਿੰਘ ਜੀ ਦੇ ਹੱਥ ਆਈ, ਤਾਂ ਇਸ ਦਾ ਰੰਗ, ਰੂਪ ਤੇ ਰੁਚੀ ਇਸੇ ਨੁਹਾਰ ਦੀ ਧਾਰਨੀ ਸੀ । ਪ੍ਰਸਿੱਧ ਯੋਰਪੀਨ ਵਿਦਵਾਨ, ਆਲੋਚਕ ਤੇ ਖੋਜੀ, ਸਰ ਰਿਚਰਡ ਟੈਂਪਲ (ਕਰਤਾ 'ਲੀਜੈਂਡਜ਼ ਆਫ਼ ਦੀ ਪੰਜਾਬ) ਅਤੇ ਮਿ: ਓਜ਼ਬਰਨ (ਕਰਤਾ 'ਬੁਲ੍ਹੇ ਸ਼ਾਹ' ਤੇ ਅਗਰੇਜ਼ੀ ਹੀਰ ਵਾਰਸ') ਨੇ ਆਪਣੀਆਂ ਕਿਰਤਾਂ ਤੇ ਟੂਕਾਂ ਵਿਚ ਇਸ ਨੂੰ ਵਟਾਉਣ ਦਾ ਨਵਾਂ, ਨਰੋਆ ਤੇ ਵਿਗਿਆਨਕ ਜਤਨ ਆਰੰਭਿਆ, ਪਰ ਉਨ੍ਹਾਂ ਦਾ ਕੰਮ ਅਗਰੇਜ਼ੀ ਵਿਚ ਹੋਣ ਕਰਕੇ, ਉਦੋਂ ਦੇ ਪੰਜਾਬੀ ਪਾਠਕ-ਲੇਖਕ ਘੇਰੇ ਦੀ ਪਹੁੰਚ ਤੋਂ ਬਾਹਿਰ ਹੀ ਰਿਹਾ । ਪਰੰਤੂ ਜਦੋਂ ਇਸੇ ਕੰਮ ਨੂੰ ਬਾਵਾ ਬੁਧ ਸਿੰਘ ਤੇ ਮੀਆਂ ਮੌਲਾ ਬਖ਼ਸ਼ ਕੁਸ਼ਤਾ ਨੇ ਆ ਸੰਭਾਲਿਆ, ਤਾਂ ਲੁੜੀਂਦੀ ਹਵਾ ਸਰਕਣ ਲਗ ਪਈ । ਕੁਸ਼ਤਾ ਜੀ ਨੇ ਮੌਲਾਨਾ ਮੁਹੰਮਦ ਹੁਸੈਨ ਆਜ਼ਾਦ ਦੀ 'ਆਬੇ ਹਯਾਤ' ਦੀ ਵੇਖਾ ਵੇਖੀ, ਪੰਜਾਬੀ ਦਾ ਪਹਿਲਾ ਤਜ਼ਕਰਾ 'ਚਸ਼ਮਾ-ਏ-ਹਯਾਤ' ਲਿਖਿਆ ਤੇ ਉਸ ਨੂੰ ਆਪਣੀ 'ਹੀਰ' ਦੇ ਨਾਲ ੧੯੧੩ ਵਿਚ ਪ੍ਰਕਾਸ਼ਤ ਵੀ ਕਰ ਦਿਤਾ । ਇਹ ਤਜ਼ਕਰਾ ਭਾਵੇਂ ਉਰਦੂ ਨਸਰ ਵਿਚ ਸੀ ਪਰ ਇਸ ਨੇ ਪੰਜਾਬ ਆਲੋਚਨਾ ਨੂੰ ਕਵਿਤਾ ਦੀ ਬੁਕਲ ਵਿਚੋਂ ਨਿਕਲਣ ਦਾ ਰਾਹ ਦਸਿਆ । ਇਸ ਤਜ਼ਕਰੇ ਨੂੰ ਪੰਜਾਬੀ ਸਾਹਿੱਤ ਦੇ ਇਤਿਹਾਸ ਦਾ ਬੀਜ-ਰੂਪ ਵੀ ਆਖਿਆ ਜਾ ਸਕਦਾ ਹੈ । ਇਸ ਵਿਚ ਸ਼ਾਮਲ ਪਰਖ-ਪੜਚੋਲ ਦੀ ਵੰਨਗੀ ਨਿਮਨ-ਲਿਖਤ ਹੈ :

2-1798

*Urdu Quoiation for Sheet No.* 18

ہاشم اور وارث اگرچہ زمانہ کے لحاظ سے معاصر ین میں سے تو نہیں مگر
اتنا ضرور ہے کہ ایک دور کے آغاز میں اور دوسرا اسکے خاتمہ پر مشہور ہوا دونو شوخی
طبع بلند پروازی بندش مضمون تلاش الفاظ موزوں برجستگی کلام شستگی زبان
اور نشبت خاص کے لئے برابر ہیں دونو نے آیات و احادیث اور بزرگوں کے عربی
اقوال جابجا لکھے ہیں مگر ہاشم کے ہاں وارث سے فصاحت زیادہ ہے سلاست
نویسی میں دونو چوٹی کے ہیں مگر ہاشم کی سلیس نگاری بہت ہی دلکش ہے
وارث اگرچہ 'آمد' کا مالک ہے مگر ہاشم کی آمد کے مقابل اس کی آمد کو آمد
نہیں بلکہ 'آورد' کہ سکتے ہیں

[ چشمہ حیات صفحہ ۲۷

*ਅਰਥਾਤ—"ਹਾਸ਼ਮ ਤੇ ਵਾਰਸ ਭਾਵੇਂ ਸਮੇਂ ਦੇ ਲਿਹਾਜ਼ ਨਾਲ ਤਾਂ ਇਕ ਦੂਜੇ ਦੇ ਸਮਕਾਲੀ ਨਹੀਂ, ਪਰ ਇੰਨਾ ਜ਼ਰੂਰ ਹੈ ਕਿ ਇਕ ਆਪਣੇ ਕਾਲ ਦੇ ਆਦਿ ਵਿਚ ਤੇ ਦੂਜਾ ਉਸ ਦੇ ਅੰਦਰ ਵਿਚ ਪ੍ਰਸਿੱਧ ਹੋਇਆ। ਦੋਵੇਂ ਤਬਾਅ ਦੀ ਸ਼ੋਖੀ, ਕਲਪਨਾ ਦੀ ਉਡਾਰੀ, ਮਜ਼ਮੂਨ ਦੀ ਬੰਦਸ਼, ਸ਼ਬਦਾਂ ਦੀ ਚੋਣ, ਬਿਆਨ ਦੀ ਚੁਸਤੀ, ਬੋਲੀ ਦੀ ਸਵੱਛਤਾ ਅਤੇ ਗੋਂਦ ਦੇ ਸੁਚਜ ਵਿਚ ਸਮਾਨ ਹਨ। ਦੋਹਾਂ ਦੇ ਆਇਤਾਂ, ਹਦੀਸਾਂ ਅਤੇ ਬਜ਼ੁਰਗਾਂ ਦੇ ਅਰਬੀ ਬਚਨ ਥਾਉਂ ਥਾਈਂ ਜੜ੍ਹੇ ਜਾ ਵਰਤੇ ਹੋਏ ਹਨ। ਪਰੰਤੂ ਜਿਥੋਂ ਤਕ ਫਸਾਹਿਤ (ਮਿੱਠ-ਬਿਆਨੀ) ਦਾ ਸਬੰਧ ਹੈ, ਹਾਸ਼ਮ ਵਿਚ ਵਾਰਸ ਨਾਲੋਂ ਵਧੇਰੇ ਹੈ। ਬਿਆਨ ਦੀ ਸਰਲਤਾ ਤੇ ਰਵਾਨੀ ਵਿਚ ਦੋਵੇਂ ਚੋਟੀ ਦੇ ਹਨ। ਪਰੰਤੂ ਹਾਸ਼ਮ ਦੀ ਸਰਲਤਾ ਬਹੁਤ ਹੀ ਦਿਲ-ਖਿਚਵੀਂ ਹੈ। ਵਾਰਸ ਭਾਵੇਂ 'ਆਮਦ' (ਆਵੰਦ) ਦਾ ਮਾਲਕ ਹੈ, ਪਰ ਹਾਸ਼ਮ ਦੀ 'ਆਮਦ' ਦੇ ਟਾਕਰੇ ਤੇ, ਉਸ ਦੀ 'ਆਮਦ' ਨੂੰ 'ਆਮਦ' ਨਹੀਂ, ਸਗੋਂ 'ਆਵੁਰਦ' ਕਹਿ ਸਕਦੇ ਹਾਂ।"

[ਚਸ਼ਮਾ-ਏ-ਹਯਾਤ, ਪੰਨਾ ੨੭

ਕੁਸ਼ਤਾ ਜੀ ਨੇ ਇਸ ਵਿਚ ਅਰੰਭੇ ਜਤਨ ਨੂੰ ਜਾਰੀ ਰਖਿਆ ਅਤੇ ਇਕ ਸੰਪੂਰਨ ਤੇ ਸਵਿਸਥਾਰ 'ਤਜ਼ਕਰਾ' ਤਿਆਰ ਕਰਨ ਦਾ ਇਰਾਦਾ ਬਣਾ ਲਿਆ। ਇਸ ਦਾ ਪਹਿਲਾ ਭਾਗ (ਫ਼ਰੀਦ ਜੀ ਤੋਂ ਲੈ ਕੇ ਅਠਾਰ੍ਹਵੀਂ ਸਦੀ ਤੇ ਅੰਤ ਤਕ) ੧੯੩੨ ਵਿਚ, 'ਪੰਜਾਬ ਦੇ ਹੀਰੇ' ਦੇ ਨਾਂ ਹੇਠ, ਪੰਜਾਬੀ ਵਾਰਤਕ ਵਿਚ, ਛਪਵਾ ਦਿਤਾ। ਜਤਨ ਫਿਰ ਵੀ ਜਾਰੀ ਰਖੇ ਜੋ ਹੁਣੇ ਹੀ ਇਸੇ ਵਰ੍ਹੇ, "ਪੰਜਾਬੀ ਸ਼ਾਇਰਾਂ ਦਾ ਤਜ਼ਕਰਾ" ਦੇ ਨਾਂ ਹੇਠ ਵੱਡੇ ਆਕਾਰ ਦੇ ਸਵਾ ਪੰਜ ਸੌ ਸਫ਼ਿਆਂ ਦੀ ਇਕ ਲਾਭਦਾਇਕ ਹਵਾਲਾ-ਪੁਸਤਕ ਦੇ ਰੂਪ ਵਿਚ ਪ੍ਰਕਾਸ਼ਤ ਹੋ ਗਏ ਹਨ।

ਕੁਸ਼ਤਾ ਜੀ ਦਾ ਪਹਿਲਾ 'ਤਜ਼ਕਰਾ' (ਜੋ ਅਸਲ ਵਿਚ ਇਕ ਜ਼ਮੀਮਾ ਸੀ) ਛਪਦਿਆਂ ਹੀ ਬਾਵਾ ਬੁਧ ਸਿੰਘ ਦੀ 'ਪੰਜਾਬੀ ਫੁਲਵਾੜੀ' ਛਪਣੀ ਸ਼ੁਰੂ ਹੋ ਗਈ। ਇਸ ਦੀ ਪਹਿਲੀ ਕਿਸ਼ਤ, 'ਹੰਸ ਚੋਗ', ੧੯੧੪ ਵਿਚ, ਦੂਜੀ ਭਾਵ 'ਕੋਇਲ ਕੂ' ੧੯੧੬ ਵਿਚ ਅਤੇ ਤੀਜੀ ਅਰਥਾਤ 'ਬੰਬੀਹਾ ਬੋਲ' ੧੯੨੫ ਵਿਚ ਪ੍ਰਕਾਸ਼ਤ ਹੋਈ। ਇਸ ਤ੍ਰੈ-ਲੜੀ ਦੀ ਪ੍ਰਕਾਸ਼ਨਾ

ਨੇ ਪੰਜਾਬੀ ਸਾਹਿੱਤ ਨੂੰ ਇਕ ਨਵਾਂ ਹੁਲਾਰਾ ਦਿੱਤਾ ਅਤੇ ਪੰਜਾਬੀ ਸਮਾਲੋਚਨਾ ਨੂੰ ਪੱਛਮੀ ਲੀਹਾਂ ਤੇ ਪਾ ਕੇ ਨਵੀਆਂ ਹੋਣੀਆਂ ਲਿਸ਼ਕਾਂ ਦਿੱਤੀਆਂ । ਬਾਵਾ ਜੀ ਨੇ ਇਸ ਵਿਚ ਸ਼ੇਖ ਫ਼ਰੀਦ ਜੀ ਤੋਂ ਲੈ ਕੇ ਭਾਈ ਲਛੀ ਰਾਮ (ਖ਼ਾਲਸਈ ਸਮੇਂ) ਤਕ ਦੇ ਪ੍ਰਸਿੱਧ ਪਰ ਅਣਗੌਲੇ ਪੰਜਾਬੀ ਕਵੀਆਂ ਦੇ ਸੰਖੇਪ ਜੀਵਨ-ਸਮਾਚਾਰ, ਕਾਵਿ-ਗੁਣਾਂ ਅਤੇ ਕਾਵਿ-ਕ੍ਰਿਤਾਂ ਉਤੇ ਟੀਕਾ-ਟਿਪਣੀ ਲਿਖਣ ਦੀ ਪਹਿਲ ਕੀਤੀ । ਇਸ ਤੋਂ ਛੁਟ, 'ਹੰਸ ਚੋਗ' ਦੀ ਭੂਮਿਕਾ ਰਾਹੀਂ ਪੰਜਾਬੀ ਬੋਲੀ, ਗੁਰਮੁਖੀ ਲਿਪੀ ਅਤੇ ਪੰਜਾਬੀ ਸਾਹਿੱਤ ਦੇ ਮੁੱਢ ਤੇ ਵਿਕਾਸ ਬਾਰੇ ਪੰਜਾਬੀ ਵਿਚ ਪਹਿਲੀ ਵਾਰ ਅਜਿਹੀ ਲੁੜੀਂਦੀ ਤੇ ਲਾਭਦਾਇਕ ਵਾਕਫ਼ੀ ਦੇ ਕੇ ਮਗਰਲੇ ਅਧਿਐਨ ਤੇ ਇਤਿਹਾਸਾਂ ਦਾ ਮੁੱਢ ਬੰਨ੍ਹ ਦਿੱਤਾ । ਇਉਂ ਹੀ 'ਕੋਇਲ ਕੂ' ਦੀ ਭੂਮਿਕਾ ਵਿਚ ਕਵਿਤਾ ਅਤੇ ਉਸ ਦੇ ਰਸਾਂ ਰੂਪਾਂ, ਰੁਚੀਆਂ ਤੇ ਭੂਸ਼ਨਾਂ ਆਦਿ ਬਾਰੇ ਸਿਧਾਂਤਕ ਬਹਿਸ ਛੇੜ ਕੇ, ਪੰਜਾਬੀ ਆਲੋਚਨਾ ਦੇ ਖੇਤਰ ਵਿਚ ਇਕ ਹੋਰ ਅੰਗ ਵੀ ਸਾਮਲ ਕਰ ਦਿੱਤਾ । ਫਿਰ ਇਸੇ ਵਿਚ ਪੰਜਾਬੀ ਕਵਿਤਾ ਦੀ ਪਰੰਪਰਾ ਤੇ ਝੁਕਾਵਾਂ, ਦੂਜੀਆਂ ਬੋਲੀਆਂ ਦੀ ਕਵਿਤਾ ਦੇ ਪਰਸਪਰ ਪਰਭਾਵਾਂ ਅਤੇ ਬਾਕੀ ਕੋਮਲ-ਹੁਨਰਾਂ ਨਾਲ ਸੰਬੰਧਾਂ ਆਦਿ ਬਾਰੇ ਵੀ ਚਾਨਣਾ ਪਾ ਕੇ ਤੁਲਨਾਤਮਕ ਅਧਿਐਨ ਦੀ ਵੀ ਲੀਹ ਤੋਰ ਦਿੱਤੀ। ਇਸੇ ਤ੍ਰੈ-ਲੜੇ ਵਿਚ ਪੰਜਾਬੀ ਪਰਖ-ਪੜਚੋਲ ਨੇ ਕਵਿਤਾ ਦਾ ਲੜ ਛੱਡ ਕੇ, ਵਾਰਤਕ ਦੀਂ ਸ਼ਰਨ ਲਈ । ਇਹੋ ਤ੍ਰੈ-ਲੜਾ ਮਗਰੋਂ ਡਾ. ਮੋਹਨ ਸਿੰਘ ਜੀ ਦੀ 'ਹਿਸਟਰੀ ਆਫ਼ ਪੰਜਾਬੀ ਲਿਟਰੇਚਰ' (A History of Punjabi Lterature) ਪ੍ਰਿੰਸੀਪਲ ਤੇਜਾ ਸਿੰਘ ਜੀ ਦੇ 'ਪੰਜਾਬੀ ਦਾ ਇਤਿਹਾਸ' ਤੇ ਡਾ. ਲਾਜਵੰਤੀ ਜੀ ਦੀ 'ਪੰਜਾਬੀ ਸੂਫ਼ੀ ਪੋਇਟਸ' (Punjabi Sufi Poets) ਆਦਿ ਦਾ ਮੁੱਖ-ਅਧਾਰ ਬਣਿਆ। ਹੋਰ ਤਾਂ ਹੋਰ, ਅਜੋਕੇ ਆਲੋਚਕਾਂ ਤੇ ਸਾਹਿੱਤ-ਇਤਿਹਾਸਕਾਰਾਂ ਦੇ 'ਕੱਚੇ ਮਸਾਲੇ' ਲਈ ਮੂਲ ਸੋਮਾ ਤੇ ਮੁੱਖ ਟੇਕ ਅਜੇ ਵੀ ਇਹੋ ਹੈ । ਇਸੇ ਲਈ ਵਰਤਮਾਨ ਸਮਾਲੋਚਨਾ ਦਾ ਮੋਢੀ ਉਸਰੱਈਆ ਅਖਵਾਣ ਦਾ ਮਾਣ ਹੱਕ ਤੌਰ ਤੇ, ਇਸ ਦੇ ਲੇਖਕ, ਬਾਵਾ ਬੁਧ ਸਿੰਘ ਜੀ ਨੂੰ ਹੀ ਦੇਣਾ ਬਣਦਾ ਹੈ।

## ੬

ਬਾਵਾ ਜੀ ਦੇ ਛੋਹੇ ਕੰਮ ਨੂੰ ਨੇਪਰੇ ਚੜ੍ਹਾਉਣ ਦਾ ਜਤਨ ਡਾ. ਮੋਹਨ ਸਿੰਘ ਜੀ ਨੇ ਅਰੰਭਿਆ । ਉਨ੍ਹਾਂ ਨੇ ਵੀ 'ਪਿਉ ਦਾਦੇ ਦੇ ਖ਼ਜ਼ਾਨੇ' ਨੂੰ ਫੋਲਿਆ ਅਤੇ ਦਰਜਨਾਂ ਅਣ-ਗੌਲੇ ਤੇ ਅਣਖਿਆਲੇ ਪੁਰਾਤਨ ਕਵੀਆਂ ਨੂੰ 'ਲਭਿਆ' ਤੇ 'ਪਰਗਟ' ਕੀਤਾ । ਨਾਲੇ ਪੰਜਾਬੀ ਸਾਹਿੱਤ ਦਾ ਵੇਰਵੇ-ਸਾਹਿੱਤ ਆਲੋਚਨਾਤਮਕ ਇਤਿਹਾਸ (੧੯੩੨ ਈ.) ਲਿਖਣ ਦੀ ਪਹਿਲ ਕੀਤੀ ਅਤੇ ਮਗਰਲੇ ਸਾਹਿੱਤ-ਇਤਿਹਾਸਕਾਰਾਂ—ਡਾ ਬਨਾਰਸੀ ਦਾਸ ('ਪੰਜਾਬੀ ਜ਼ਬਾਨ ਤੇ ਉਹਦਾ ਲਿਟਰੇਚਰ'—੧੯੪੧), ਡਾ. ਗੁਪਾਲ ਸਿੰਘ ਦਰਦੀ (ਪੰਜਾਬੀ ਸਾਹਿੱਤ ਦਾ ਇਤਿਹਾਸ–੧੯੪੨), ਡਾ. ਸੁਰਿੰਦਰ ਸਿੰਘ ਕੋਹਲੀ ('ਪੰਜਾਬੀ ਸਾਹਿੱਤ ਦਾ ਇਤਿਹਾਸ–੧੯੪੩'), ਪ੍ਰੋ. ਸੁਰਿੰਦਰ ਸਿੰਘ ਨਰੂਲਾ ('ਪੰਜਾਬੀ ਸਾਹਿੱਤ ਦੀ ਜਾਣ-ਪਛਾਣ'–੧੯੪੩ ਤੇ

'ਪੰਜਾਬੀ ਸਾਹਿਤ ਦਾ ਇਤਿਹਾਸ'–੧੯੫੩), ਸ੍ਰ. ਗੁਰਚਰਨ ਸਿੰਘ ਜਸੂਜਾ ('ਪੰਜਾਬੀ ਸਾਹਿੱਤਕਾਰ'–੧੯੪੯), ਪ੍ਰੋ. ਕਿਰਪਾਲ ਸਿੰਘ ਕਸੇਲ ਤੇ ਪ੍ਰੋ. ਪ੍ਰਮਿੰਦਰ ਸਿੰਘ ('ਪੰਜਾਬੀ ਸਾਹਿੱਤ-ਉਤਪਤੀ ਤੇ ਵਿਕਾਸ'–੧੯੫੨), ਸ੍ਰ. ਅਵਤਾਰ ਸਿੰਘ ਅਜ਼ਾਦ ('ਪੰਜਾਬੀ ਸਾਹਿੱਤ ਦੇ ਉਸਰੱਈਏ'–੧੯੫੧), ਗਿ. ਨਿਹਾਲ ਸਿੰਘ ਰਸ (ਪੰਜਾਬੀ ਸਾਹਿੱਤ ਦਾ ਵਿਕਾਸ–੧੯੫੨), ਸ੍ਰੀ ਮਤੀ ਅੰਮ੍ਰਿਤਾ ਪ੍ਰੀਤਮ (ਪੰਜਾਬੀ ਸਾਹਿੱਤ ਦਾ ਵਿਕਾਸ–੧੯੫੨), ਅਤੇ ਮਿ. ਅਬਦੁਲ ਗਫ਼ੂਰ ਕੁਰੈਸ਼ੀ (ਪੰਜਾਬੀ ਜ਼ਬਾਨ ਦਾ ਅਦਬ ਤੇ ਤਾਰੀਖ'–੧੯੫੬), ਆਦਿ ਲਈ ਅਤਿ ਲੁੜੀਂਦੇ ਪੂਰਨੇ ਪਾਏ । ਇਸ ਤੋਂ ਛੁੱਟ, ਡਾ. ਬਨਾਰਸੀ ਦਾਸ ('ਹੀਰ ਮੁਕਬਲ'–੧੯੨੧', ਕਾਜ਼ੀ ਫ਼ਜ਼ਲ ਹੱਕ ('ਚੱਠਿਆਂ ਦੀ ਵਾਰ'–੧੯੨੫), ਭਾ. ਵੀਰ ਸਿੰਘ ('ਪੁਰਾਤਨ ਜਨਮਸਾਖੀ'–੧੯੨੬) ਤੇ ਬਾਵਾ ਗੰਗਾ ਸਿੰਘ ਬੇਦੀ ('ਹੀਰ ਦਮੋਦਰ'–੧੯੨੭) ਦੀ ਆਰੰਭੀ ਪ੍ਰਸਿਧ ਸਨਾਤਨੀ ਰਚਨਾਵਾਂ ਨੂੰ ਸੰਪਾਦਣ ਤੇ ਪ੍ਰਕਾਸ਼ਣ ਦੀ ਪਰਪਾਟੀ ਨੂੰ ਪ੍ਰਫੁਲਤ ਕੀਤਾ, ਅਤੇ 'ਹੀਰ ਵਾਰਸ'. 'ਕਾਫੀਆਂ ਬੁਲ੍ਹੇ ਸ਼ਾਹ' ਤੇ 'ਕਲਾਮ ਸ਼ਾਹ ਹੁਸੈਨ' ਨਾਲ ਸੂਝਵਾਨ ਪੰਜਾਬੀ ਪਾਠਕਾਂ ਦੀ ਸਾਂਝ ਪੁਆਈ ਨਾਲੇ ਪ੍ਰੋ. ਸ. ਸ. ਅਮੋਲ ('ਹੀਰ ਵਾਰਸ' ਆਦਿ) ਸ੍ਰ. ਸ਼ਮਸ਼ੇਰ ਸਿੰਘ ਅਸ਼ੋਕ ('ਪ੍ਰਾਚੀਨ ਜੰਗਨਾਮੇ' ਆਦਿ), ਡਾ. ਗੰਡਾ ਸਿੰਘ ('ਪੰਜਾਬੀ ਦੀਆਂ ਵਾਰਾਂ') ਸ. ਪਿਆਰਾ ਸਿੰਘ ਪਦਮ ('ਹੀਰ ਕਿਸ਼ਨ ਸਿੰਘ' ਆਦਿ ), ਦੇਵਿੰਦਰ ਸਤਿਆਰਥੀ ('ਗਿੱਧਾ' ਆਦਿ) ਡਾ. ਰਣਧੀਰ ਸਿੰਘ ('ਪ੍ਰੇਮ ਸੁਮਾਰਗ' ਆਦਿ), ਸ਼ੇਖ ਅਬਦੁਲ ਅਜ਼ੀਜ਼ ('ਹੀਰ ਵਾਰਸ ਸ਼ਾਹ'), ਪ੍ਰੋ. ਪ੍ਰੀਤਮ ਸਿੰਘ ('ਪਾਰਸ ਭਾਗ ਆਦਿ), ਚੌ. ਮੁਹੰਮਦ ਅਫ਼ਜ਼ਲ ('ਸ਼ਲੋਕ ਫ਼ਰੀਦ') ਤੇ ਹਰਨਾਮ ਸਿੰਘ ਸ਼ਾਨ (ਸੱਸੀ-ਹਾਸ਼ਮ' ਆਦਿ) ਇਤਿਆਦਿ ਲਈ ਰਾਹ ਮੋਕਲਾ ਕੀਤਾ । ਨਾਲ ਹੀ ਨਵੇਂ ਪੁਰਾਣੇ ਸਮੁੱਚੇ ਗੱਦ-ਪਦ ਸਾਹਿੱਤ ਦੇ ਮੁਲਾਂਕਣ ਤੇ ਸਰਵੇਖਣ ਦੀ ਵੀ ਪਿਰਤ ਪਾਈ ਅਤੇ 'ਸੂਫ਼ੀਆਂ ਦਾ ਕਲਾਮ' ਪੰਜਾਬੀ 'ਭਗਤੀ-ਕਾਵਿ' ਤੇ 'ਆਧੁਨਿਕ ਪੰਜਾਬੀ ਕਵਿਤਾ' ਆਦਿ ਰਾਹੀਂ ਵਰਤਮਾਨ ਆਲੋਚਕਾਂ ਲਈ ਮੂਲ-ਮਸਾਲਾ ਇਕਠਾ ਕੀਤਾ । ਇਸ ਤੋਂ ਇਲਾਵਾ, ਫੁਟਕਲ ਵਿਸ਼ਿਆਂ ਉਤੇ ਸਮੇਂ ਸਮੇਂ ਲਿਖੇ ਤੇ ਰਿਸਾਲਿਆਂ ਵਿਚ ਛਪਦੇ ਰਹੇ ਆਲੋਚਨਾਤਮਕ ਲੇਖਾਂ ਦੇ ਸੰਗ੍ਰਹ ('ਸਾਹਿੱਤ ਸਰੋਵਰ') ਪ੍ਰਕਾਸ਼ਣ ਦਾ ਰਿਵਾਜ ਪਾ ਦਿੱਤਾ । ਪ੍ਰੋ. ਸੁਰਿੰਦਰ ਸਿੰਘ ਨਰੂਲਾ ('ਸਾਹਿੱਤ ਸਮਾਚਾਰ') ਸ੍ਰ ਗੁਰਚਰਨ ਸਿੰਘ ('ਪੰਜਾਬੀ ਬੋਲੀ ਦਾ ਵਿਕਾਸ ਤੇ ਹੋਰ ਲੇਖ') ਪ੍ਰੋ. ਦਿਵਾਨ ਸਿੰਘ ('ਸਾਹਿਤ ਆਦਰਸ਼' ਆਦਿ) ਡਾ. ਕੋਹਲੀ ਤੇ ਪ੍ਰੋ. ਸਵਿੰਦਰ ਸਿੰਘ ਉਪੱਲ ('ਪੰਜਾਬੀ ਸਾਹਿੱਤ ਬਾਰੇ') ਪ੍ਰੋ. ਕਰਤਾਰ ਸਿੰਘ ਸੂਰੀ ('ਸਾਹਿਤ ਦਰਪਨ') ਸ੍ਰ. ਪਿਆਰਾ ਸਿਘ ਪਦਮ ('ਸੋਲਾਂ ਕਲਾਂ') ਤੇ ਸ੍ਰ. ਗੁਰਦਿਆਲ ਸਿੰਘ ਖੋਸਲਾ ('ਸਾਹਿੱਤਕ ਲੇਖ') ਇਤਿਆਦਿ ਮਗਰੋਂ ਇਸੇ ਲੀਹ ਦੇ ਧਾਰਨੀ ਬਣੇ । ਅਤੇ ਸਭ ਤੋਂ ਵਧ ਇਹ ਕਿ ਪ੍ਰੋ. ਪੂਰਨ ਸਿੰਘ ਦੇ 'ਘੁੰਡ ਖੋਲ੍ਹਣ' ਤੋਂ ਬਾਅਦ ਡਾ. ਸਾਹਿਬ ਤੇ ਉਨ੍ਹਾਂ ਦੇ ਵਿਦਵਾਨ ਸਮਕਾਲੀ, ਪ੍ਰਿੰਸੀਪਲ ਤੇਜਾ ਸਿੰਘ ਜੀ ਦੇ ਜਤਨਾਂ ਨੇ **ਨਿਰੀ** ਕਾਵਿ-ਆਲੋਚਨਾ ਤਕ ਸੀਮਤ ਪੰਜਾਬੀ ਪਰਖ-ਪੜਚੋਲ ਨੂੰ ਵਾਰਤਕ ਦੇ 'ਮਗਰ' ਵੀ ਲਾ ਦਿਤਾ ।

੭

ਡਾ. ਮੋਹਨ ਸਿੰਘ ਜੀ ਦੀ ਉਕਤ 'ਹਿਸਟਰੀ ਆਫ਼ ਪੰਜਾਬੀ ਲਿਟਰੇਚਰ' (੧੯੩੨) ਛੱਪਣ ਤੋਂ ਛੇਤੀ ਬਾਅਦ, ਪੰਜਾਬੀ ਸਾਹਿੱਤ-ਸਮਾਲੋਚਨਾ ਵਿਚ ਕੁਝ ਨਿਵੇਕਲੀਆਂ ਤੇ ਮਾਣ-ਕਰਨ-ਯੋਗ ਪੁਸਤਕਾਂ ਪ੍ਰਕਾਸ਼ਤ ਹੋਈਆਂ। ਪਹਿਲੀ ਭਾਵ 'ਯਾਦਗਾਰੇ ਵਾਰਸ', ਉਰਦੂ ਵਿਚ ਪ੍ਰੋ. ਜ਼ਿਆ ਮੁਹੰਮਦ ਦੀ ਕਿਰਤ ਸੀ ਤੇ ਇਸ ਵਿਚ ਵਾਰਸ ਸ਼ਾਹ ਦੀ ਰਚਨਾ ਦਾ ਆਲੋਚਨਾਤਮਕ ਦ੍ਰਿਸ਼ਟੀ ਤੋਂ ਜਾਇਜ਼ਾ ਲਿਆ ਗਿਆ ਸੀ। ਇਹ ਰਚਨਾ ਕਿਸੇ ਵੀ ਪੰਜਾਬੀ ਸਾਹਿੱਤਕਾਰ ਬਾਰੇ ਪਰਖ-ਪੜਚੋਲ ਦੀ ਪਹਿਲੀ, ਭਰਵੀਂ ਤੇ ਸੰਪੂਰਨ (ਵੱਡੇ ਆਕਾਰ ਦੇ ੨੦੭ ਪੰਨੇ) ਕਿਤਾਬ ਸੀ ਜੋ ਪਹਿਲੀ ਵਾਰ ੧੯੩੫ ਈ. ਵਿਚ ਪ੍ਰਕਾਸ਼ਤ ਹੋਈ। ਇਸ ਤੋਂ ਛੇਤੀ ਮਗਰੋਂ, ਭਾਵ ੧੯੩੮ ਵਿਚ, 'ਪੰਜਾਬੀ ਸੂਫ਼ੀ ਪੋਇਟਸ' (Punjabi Sufi Poets) ਕ੍ਰਿਤ ਡਾ. ਲਾਜਵੰਤੀ ਰਾਮ ਕ੍ਰਿਸ਼ਨ, ਦਾ ਜਨਮ ਹੋਇਆ। ਇਸ ਵਿਚ ਪਹਿਲੀ ਵਾਰ ਪੰਜਾਬੀ ਦੀ ਸੂਫ਼ੀ ਕਵਿਤਾ ਅਤੇ ਸੂਫ਼ੀ ਕਵੀਆਂ ਦੀ ਰਚਨਾ, ਦੇਣ ਤੇ ਸਥਾਨ ਆਦਿ ਦਾ ਆਲੋਚਨਾਤਮਕ ਅਧਿਐਨ ਤੇ ਸਰਵੇਖਣ, ਇਕ ਵਖਰੀ ਤੇ ਸੰਪੂਰਨ ਪੁਸਤਕ ਦੇ ਰੂਪ ਵਿਚ, ਪੇਸ਼ ਕੀਤਾ ਗਿਆ। ਇਸ ਦੇ ਨਾਲ ਹੀ ਡਾ. ਗੋਪਾਲ ਸਿੰਘ ਦਰਦੀ ਦੀ 'ਰੋਮਾਂਚਿਕ ਪੰਜਾਬੀ ਕਵੀ' ਦੀ ਪਹਿਲੀ ਐਡੀਸ਼ਨ ਵੀ ਪ੍ਰਕਾਸ਼ਤ ਹੋ ਗਈ। ਜਿਸ ਵਿਚ ਪੰਜਾਬੀ ਕਵਿਤਾ ਦੀ ਰੋਮਾਂਚਿਕ ਧਾਰਾ ਦੇ ਪੜਚੋਲਵੇਂ ਮੁਤਾਲੇ ਤੇ ਜਾਇਜ਼ੇ ਤੋਂ ਛੁੱਟ, ਪੰਜ ਪਰਮੁਖ ਵਰਤਮਾਨ ਕਵੀਆਂ ਦੀ ਕਿਰਤ ਬਾਰੇ ਬੜੀ ਸਿਆਣੀ, ਸੁਆਦਲੀ ਤੇ ਹੋਣੀਆਂ-ਭਰਪੂਰ ਆਲੋਚਨਾ ਵੀ ਸ਼ਾਮਲ ਕੀਤੀ ਗਈ। ਦੋ ਵਰ੍ਹੇ ਬਾਅਦ, ਭਾਵ ੧੯੪੦ ਵਿਚ, ਇਕ ਸਮਕਾਲੀ ਤੇ ਮਹਾਨ ਪੰਜਾਬੀ ਸਾਹਿੱਤਕਾਰ, ਡਾ. ਭਾਈ ਵੀਰ ਸਿੰਘ, ਬਾਰੇ ਪਹਿਲੀ ਪੁਸਤਕ ('ਭਾਈ ਵੀਰ ਸਿੰਘ ਤੇ ਉਨ੍ਹਾਂ ਦੀ ਰਚਨਾ') (ਕ੍ਰਿਤ ਸ੍ਰ. ਹਰਬੰਸ ਸਿੰਘ) ਨੇ ਵੀ ਛਾਪੇ ਦਾ ਮੂੰਹ ਵੇਖ ਲਿਆ। ਇਸ ਰੀਤ ਨੂੰ ਫੇਰ ਡਾਕਟਰ ਸੁਰਿੰਦਰ ਸਿੰਘ ਕੋਹਲੀ ਨੇ ੧੯੪੩ ਵਿਚ 'ਪ੍ਰੋ. ਪੂਰਨ ਸਿੰਘ ਜੀਵਨ ਤੇ ਰਚਨਾ' ਲਿਖ ਕੇ ਅਗਾਂਹ ਤੋਰਿਆ।

ਇਨ੍ਹਾਂ ਤੋਂ ਛੁੱਟ, ੧੯੩੪ ਵਿਚ ਛੱਪੀ 'ਸੂਰਜ ਪ੍ਰਕਾਸ਼' ਦੀ ਸਟਿਪਿਤ ਤੇ ਆਲੋਚਨਾਤਮਕ ਐਡੀਸ਼ਨ (ਸੰਪਾਦਿਤ-ਭਾਈ ਸਾਹਿਬ ਵੀਰ ਸਿੰਘ) ਅਤੇ ੧੯੩੬ ਵਿਚ ਪ੍ਰਕਾਸ਼ਨ ਹੋਈ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਇਕ ਅਜਿਹੀ ਐਡੀਸ਼ਨ (ਸੰਪਾਦਿਤ : ਪ੍ਰਿੰਸੀਪਲ ਤੇਜਾ ਸਿੰਘ) ਨੇ ਪੰਜਾਬੀ ਦੇ ਖੋਜੀਆਂ, ਸੰਪਾਦਕਾਂ ਤੇ ਪਾਰਖੂਆਂ ਲਈ ਨਵੇਂ ਨਿਸ਼ਾਨਿਆਂ ਤੇ ਉਚ ਮਿਆਰਾਂ ਦੀ ਪਿਰਤ ਵੀ ਪਾ ਦਿੱਤੀ।

੮

ਪ੍ਰਿੰਸੀਪਲ ਤੇਜਾ ਸਿੰਘ ਜੀ ਦੇ ਪਰਵੇਸ਼ ਨਾਲ ਤਾਂ ਪੰਜਾਬੀ ਪਰਖ-ਪੜਚੋਲ ਦੇ ਇਤਿਹਾਸ ਵਿਚ ਇਕ ਨਵੇਂ ਮੱਚ, ਇਕ ਨਵੇਂ ਯੁਗ ਤੇ ਨਵੀਆਂ ਕਦਰਾਂ ਦਾ ਮੁੱਢ ਬੱਝਿਆ। ਉਨ੍ਹਾਂ ਨੇ ਤੁਲਵੀਂ, ਸੁਹਿਰਦ, ਸੋਝੀਵਾਨ ਤੇ ਉਤਸ਼ਾਹਜਨਕ ਆਲੋਚਨਾ ਦੀ ਨੀਂਹ ਰਖੀ।

ਵਰਤਮਾਨ ਸਮੇਂ ਦੀ ਪੰਜਾਬੀ ਪੜਚੋਲ ਸਭ ਤੋਂ ਪਹਿਲੋਂ ਅਤੇ ਸਹੀ ਅਰਥਾਂ ਵਿਚ ਆਪ ਨੇ ਹੀ ਨਿਰੂਪਣ ਕੀਤੀ ਅਤੇ ਪੜਚੋਲ ਦੀ ਤਕੜੀ ਵਿਚ ਪਏ ਹੋਏ ਪਾਸਕੂਆਂ ਨੂੰ ਲਾਂਭੇ ਕਰ ਕੇ ਪਰਖ ਦੇ ਸੁੱਚੇ ਤੋਲ ਕਾਇਮ ਕੀਤੇ।" ਨਾਲੇ ਪੰਜਾਬੀ ਪਰਖ-ਪੜਚੋਲ" ਨੂੰ ਨਵੀਨ ਪੱਛਮੀ ਆਲੋਚਨਾ ਦੇ ਨੇਮਾਂ ਤੇ ਨਮੂਨਿਆਂ ਉਤੇ ਢਾਲਣ ਦਾ ਉਪਰਾਲਾ ਕੀਤਾ। ਆਪ ਨੇ ਨਵੇਂ ਤੇ ਉਭਰਦੇ ਨੌਜਵਾਨ ਪੰਜਾਬੀ ਸਾਹਿੱਤਕਾਰਾਂ ਦੇ ਸਿਰ ਤੇ ਹੱਥ ਰਖਿਆ ਅਤੇ ਉਨ੍ਹਾਂ ਦੀ ਅਗਵਾਈ ਤੇ ਹੌਸਲਾ-ਅਫ਼ਜ਼ਾਈ ਕੀਤੀ। ਸਾਲਾਂ-ਬੱਧੀ ਉਨ੍ਹਾਂ ਦੇ "ਪਰਧਾਨ ਸਲਾਹਕਾਰ" ਦੀਖਿਆਕਾਰ ਅਤੇ ਸ਼ਾਸ਼ਤਰੀ ਬਣੇ ਰਹੇ। ਦਰਜਨਾਂ ਕਵੀਆਂ, ਲਿਖਾਰੀਆਂ, ਨਾਟਕਾਰਾਂ ਨੇ ਆਪ ਦੀ ਸਿਖਿਆ ਨਾਲ ਆਪਣੀ ਕਿਰਤ ਨੂੰ ਸਫ਼ਲ ਕੀਤਾ।"ਉਨ੍ਹਾਂ ਨੇ ਆਲੋਚਨਾ ਦੇ ਸਿਧਾਂਤਾਂ ਜਾਂ ਪਰਖ-ਕਸੌਟੀਆਂ ਬਾਰੇ ਕੋਈ ਲੰਮੀਆਂ-ਚੌੜੀਆਂ ਪੁਸਤਕਾਂ ਲਿਖਣ ਦੀ ਥਾਂ, ਪੁਗਰਦੇ ਲਿਖਾਰੀਆਂ ਦੀਆਂ ਪੁਸਤਕਾਂ ਦੇ ਮੁਖ-ਬੰਦ ਲਿਖੇ, ਰੇਡੀਓ ਤੋਂ ਚਰਚਾ ਕੀਤੀ ਅਤੇ ਰਿਸਾਲਿਆਂ-ਅਖਬਾਰਾਂ ਵਿਚ ਲੇਖ ਤੇ ਰੀਵੀਊ ਛਾਪੇ ਜਿਨ੍ਹਾਂ ਵਿਚੋਂ ਬਹੁਤੇ ਤਾਂ ਅਜੇ ਵੀ "ਪੰਜਾਬੀ ਸਾਹਿੱਤ ਵਿਚ ਮਿਆਰੀ ਪੜਚੋਲ ਦੇ ਆਦਰਸ਼ਕ ਨਮੂਨੇ ਮੰਨੇ ਜਾਂਦੇ ਹਨ।" ਉਨ੍ਹਾਂ ਦਾ ਭਰਿਆ-ਭਕੁਨਿਆ ਤੇ ਆਲੋਚਨਾਤਮਕ ਮੁਖ-ਬੰਦ "ਇਕ ਮੁਕਟ" ਸਮਝਿਆ ਜਾਣ ਲਗ ਪਿਆ ਜਿਸ ਨੂੰ "ਹਰ ਸਾਹਿੱਤਕਾਰ ਆਪਣੇ ਸਿਰ ਸਜਾਉਣਾ ਫ਼ਖ਼ਰ ਤੇ ਸਨਮਾਨ ਦਾ ਕਾਰਨ ਮੰਨਦਾ" ਰਿਹਾ ਅਤੇ "ਇਕ ਸਨਦ ਜਾਂ ਸਰਟੀਫ਼ੀਕੇਟ" ਵਾਂਗ ਵਰਤਦਾ ਰਿਹਾ। ਤੇਜਾ ਸਿੰਘ ਜੀ ਦੇ ਸਭ ਤੋਂ ਪਹਿਲੇ 'ਮੁਖ-ਬੰਦ' ਦਾ ਮਾਣ, ੧੯੨੨ ਵਿਚ, 'ਦਰਦ-ਸੁਨੇਹੇ' ਕ੍ਰਿਤ ਗਿ. ਹੀਰਾ ਸਿੰਘ ਦਰਦ ਨੂੰ ਮਿਲਿਆ ਤੇ ਅੰਤਲੀ 'ਭੂਮਿਕਾ', ੧੯੫੬ ਵਿਚ, 'ਸੱਸੀ-ਹਾਸ਼ਮ' ਕ੍ਰਿਤ ਹਰਨਾਮ ਸਿੰਘ ਸ਼ਾਨ ਨੂੰ ਨਸੀਬ ਹੋਈ। ਸਾਹਿੱਤਕਾਰ ਤਾਂ ਉਨ੍ਹਾਂ ਨੂੰ ਆਪਣਾ 'ਅਚਾਰਜ' ਮੰਨਦੇ ਰਹੇ, ਪਰ ਉਹ ਸਦਾ ਆਪਣੇ ਆਪ ਨੂੰ 'ਚਾਖਾ' ਦਸਦੇ ਰਹੇ। ਸਮੇਂ ਦੀ ਮੰਗ ਨੂੰ ਮੁਖ ਰਖਦਿਆਂ, ਪੰਜਾਬੀ ਦਾ ਸਾਹਿੱਤਕ ਭੰਡਾਰ ਭਰਨ ਤੇ ਉਸ ਦੀ ਨਰੋਈ ਆਲੋਚਨਾਤਮਕ ਰੀਤ ਬੰਨ੍ਹਣ ਲਈ ਜਿਸ ਯੋਗਤਾ, ਸੁਹਿਰਦਤਾ, ਪ੍ਰਮਾਣੀਕਤਾ, ਨਿਰਪੱਖਤਾ ਤੇ ਵਿਸ਼ਾਲ-ਚਿੱਤਤਾ ਨਾਲ ਉਨ੍ਹਾਂ ਨੇ ਆਪਣਾ ਫ਼ਰਜ਼ ਨਿਭਾਇਆ, ਉਹ ਸਾਡੇ ਸਾਹਿੱਤ ਦੀ ਸਿਰਜਨਾ ਤੇ ਆਲੋਚਨਾ ਦੇ ਇਤਿਹਾਸ ਦੀ ਇਕ ਅਭੁੱਲ ਯਾਦ ਬਣ ਗਈ ਹੈ।

੯

ਜਿਵੇਂ ਕਿ ਉਪਰ ਦਸ ਆਏ ਹਾਂ, ਪੰਜਾਬ, ਵਿਚ ਵਰਤਮਾਨ ਸਮੇਂ ਦੀ ਸਾਹਿੱਤਕ ਤੇ ਵਿਗਿਆਨਕ ਆਲੋਚਨਾ ਪ੍ਰਿੰ. ਤੇਜਾ ਸਿੰਘ ਨਾਲ ਹੀ ਸ਼ੁਰੂ ਹੋਈ। ਇਹ ਉਹ ਸਮਾਂ ਹੈ ਜਦੋਂ ਇਸ ਦੀ ਉਤੇਜਨਾ ਤੇ ਪ੍ਰਫੁੱਲਤਾ ਲਈ ਕਈ ਪਰਕਾਰ ਦੇ ਸਾਧਨ ਤੇ ਸਬੱਬ ਵੀ ਆ ਇਕੱਠੇ ਹੋਏ। ਛਾਪੇ ਦੀ ਉਨਤੀ ਨੇ ਸਾਹਿੱਤਕ ਰਿਸਾਲਿਆਂ ਨੂੰ ਵੀ ਜਨਮ ਦਿੱਤਾ। 'ਪ੍ਰੀਤਮ' (੧੯੨੩) ਤੇ 'ਫੁਲਵਾੜੀ' (੧੯੨੪) ਨੇ ਪਹਿਲ ਕੀਤੀ ਅਤੇ ਸਿਰਜਾਨਤਮਕ ਕਿਰਤਾਂ ਨੇ ਨਾਲ ਨਾਲ, ਆਲੋਚਨਾਤਮਕ ਜਿਹੇ ਰੰਗ ਦੇ ਲੇਖ, ਰੀਵੀਊ ਤੇ ਟੀਕਾ-

ਟਿਪਣੀ ਵੀ ਪ੍ਰਕਾਸ਼ਣੀ ਸ਼ੁਰੂ ਕਰ ਦਿੱਤੀ। ੧੯੨੪ ਵਿਚ ਪੰਜਾਬੀ ਯੂਨੀਵਰਸਟੀ 'ਓਰੀਐਂਟਲ ਕਾਲਜ ਮੈਗਜ਼ੀਨ' ਦੇ ਸ਼ੁਰੂ ਹੋਣ ਨਾਲ ਪੁਰਾਤਨ ਸਾਹਿੱਤ ਦੀ ਖੋਜ-ਪਰਖ ਨੂੰ ਵੀ ਲੜੀਂਦਾ ਧਿਆਨ ਮਿਲਣ ਲਗ ਪਿਆ। ੧੯੧੮ ਵਿਚ 'ਕਵੀ' ਦਾ ਜਨਮ ਹੋਇਆ ਅਤੇ ਪੰਜਾਬੀ ਕਵਿਤਾ ਦੀ ਪਰਖ-ਪੜਚੋਲ ਨੂੰ ਨਵਾਂ ਹੌਂਸਲਾਂ ਤੇ ਹੁਲਾਰਾ ਮਿਲਿਆ। ਉਪਰੰਤ 'ਹੰਸ' (੧੯੨੮) 'ਪਜਾਬੀ ਦਰਬਾਰ' (੧੯੨੮), 'ਸਾਰੰਗ' (੧੯੩੧) ਅਤੇ 'ਪ੍ਰੀਤ-ਲੜੀ' (੧੯੩੩) ਆਦਿ ਦੇ ਚਾਲੂ ਹੋਣ ਤੇ, ਨਵੇਂ ਪੰਜਾਬੀ ਸਾਹਿੱਤ ਦੀ ਸਿਰਜਨਾ ਦੇ ਨਾਲ ਨਾਲ, ਉਸ ਦੇ ਚਰਚੇ ਤੇ ਮੁਲਾਂਕਣ ਦਾ ਸਿਲਸਿਲਾ ਵੀ ਸ਼ੁਰੂ ਹੋ ਪਿਆ। ੧੯੩੪ ਵਿਚ 'ਲਿਖਾਰੀ' ਜਾਰੀ ਹੋਇਆ। ਇਸ ਦਾ ਤਾਂ ਉਦੇਸ਼ ਹੀ ਪੰਜਾਬੀ ਸਾਹਿੱਤ ਦੀ ਪਰਖ ਤੇ ਪੜਚੋਲ ਸੀ। ਇਸ ਦੇ ਪਹਿਲੇ ਪਰਚੇ ਵਿਚ ਇਸ ਦਾ 'ਟੀਚਾ' ਦੱਸਦਿਆਂ, ਇਸ ਦੇ ਸੰਪਾਦਕ ਪੰ. ਸ. ਸ. ਅਮੋਲ ਜੀ ਨੇ ਲਿਖਿਆ ਕਿ—

" 'ਲਿਖਾਰੀ' ਦਾ ਕੰਮ ਇਹ ਹੋਵੇਗਾ ਕਿ ਸਾਹਿੱਤਕ ਪੜਚੋਲ ਬਾਬਤ ਲੇਖ ਲਿਖੇ।"

'ਲਿਖਾਰੀ' ਪਾਠਕਾਂ ਨੂੰ ਸਾਹਿੱਤਕ ਨੁਕਤਾਚੀਨੀ ਕਰਨ ਤੇ ਪੜ੍ਹਨ ਦੀ ਰੌਂਸ ਪਾਇਗਾ!

'ਲਿਖਾਰੀ' ਪੰਜਾਬੀ ਸਾਹਿੱਤ ਦੇ ਵਾਧੇ ਦੀਆਂ ਕਾਢਾਂ ਕਢੇਗਾ।

'ਲਿਖਾਰੀ' ਨਵੇਂ ਤੇ ਪੁਰਾਣੇ ਸਾਹਿੱਤ ਦੀ ਪੜਚੋਲ ਕਰੇਗਾ।

'ਲਿਖਾਰੀ' ਰੀਵੀਊ ਨੂੰ ਰੀਵੀਊ ਦੀ ਅਸਲੀ ਸ਼ਕਲ ਵਿਚ ਪੇਸ਼ ਕਰੇਗਾ।

ਆਪਣੇ ਇਸ ਟਿਕਾਣੇ ਤੇ ਪੁਜਣ ਲਈ ਲਿਖਾਰੀ ਦੇ ਸਫ਼ਿਆਂ ਵਿਚ ਹੇਠ ਲਿਖੀਆਂ ਸੁਰਖ਼ੀਆ ਹੋਇਆ ਕਰਨਗੀਆਂ :—

੧. ਸਾਹਿਤ ਦੀ ਪਛਾਣ ਬਾਬਤ ਲੇਖ, ਅਰਥਾਤ ਸਾਹਿੱਤ, ਨਾਵਲ ਜਾਂ ਨਾਟਕ ਦੇ ਕੀ ਲੱਛਣ ਹਨ ?

੨. ਨੁਕਤਾਚੀਨੀ ਦੇ ਢੰਗ।

੩. ਸ਼ਾਹਿੱਤਕ ਵਾਧੇ ਦੇ ਰਾਹ।

੪. ਪੁਰਾਣੀਆਂ ਤੇ ਨਵੀਆਂ ਕਿਤਾਬਾਂ ਦੇ ਨਿਰਪੱਖ ਰੀਵੀਊ (ਹਰ ਇਕ ਕਿਤਾਬ ਦੇ ਰੀਵੀਊ ਲਈ ਘੱਟੋ ਘੱਟ ੪ ਸਫ਼ੇ ਦਿੱਤੇ ਜਾਣਗੇ)।

੫. ਨਾਵਲਾਂ, ਨਾਟਕਾਂ ਤੇ ਲੇਖਕਾਂ ਬਾਰੇ ਖ਼ਾਸ ਲੇਖ।

੬. ਪੰਜਾਬੀ ਸਾਹਿੱਤਕ ਪੁਸਤਕਾਂ ਦੀ ਲਿਸਟ।

੭. **ਪੰਜਾਬੀ ਸਾਹਿੱਤਕ ਗੀਤ ਜਾਂ ਕਵਿਤਾਵਾਂ (ਟੀਕਾ-ਟਿਪਣੀ ਸਾਹਿੱਤ)।**

੮. ਕੋਈ ਖ਼ਾਸ ਨਿਰੋਲ ਸਾਹਿੱਤਕ ਲੇਖ, ਕਹਾਣੀ ਜਾਂ ਕਵਿਤਾ ਆਦਿਕ, ਜਿਨ੍ਹਾਂ ਨੂੰ ਸਾਹਿੱਤ ਵਿਚ ਨਮੂਨੇ ਦੇ ਤੌਰ ਤੇ ਪੇਸ਼ ਕੀਤਾ ਜਾ ਸਕੇ।

'ਲਿਖਾਰੀ' ਵਿਚ ਕੇਵਲ ਸਾਹਿੱਤਕ ਲੇਖ ਜਾਂ ਕਵਿਤਾਵਾਂ ਹੋਇਆ ਕਰਨਗੀਆਂ। ਸਮਾਜ ਸੁਧਾਰ, ਧਰਮ ਪਰਚਾਰ ਜਾਂ ਰਾਜ ਦਰਬਾਰ ਨਾਲ ਸਾਡਾ ਕੋਈ ਵਾਸਤਾ ਨਹੀਂ। ਅਸੀਂ ਹਰ ਗਲ ਨੂੰ ਸਾਹਿੱਤਕ ਨੁਕਤੇ ਤੋਂ ਲੈਣਾ ਹੈ।...............

ਪੰਜਾਬੀ ਪੜ੍ਹੇ ਲਿਖੇ ਸਜਣਾਂ ਵਿਚ ਪੜਚੋਲ ਤੇ ਨੁਕਤਾਚੀਨੀ ਦਾ ਹੌਂਸਲਾ ਵਧਾਉਣ ਲਈ ਪਹਿਲਾਂ ਅਸੀਂ ਆਪਣੀਆਂ ਕਿਤਾਬਾਂ ਤੇ ਨੁਕਤਾਚੀਨੀ ਕਰਨ ਨੂੰ ਤਿਆਰ ਹਾਂ। ਇਸੇ ਤਰ੍ਹਾਂ ਫਿਰ ਉਨ੍ਹਾਂ ਸੱਜਣਾਂ ਦੀਆਂ ਪੁਸਤਕਾਂ ਤੇ ਨਿਰਪੱਖ ਰੀਵੀਊ ਕੀਤੇ ਜਾਣਗੇ ਜੋ ਆਪ ਇਸ ਕੰਮ ਲਈ ਪੁਸਤਕਾਂ ਭੇਜਣ। ਊਂਜ 'ਲਿਖਾਰੀ' ਨੂੰ ਇਹ ਹੱਕ ਹੈ ਕਿ ਜਿਸ ਕਿਤਾਬ ਤੇ ਚਾਹੇ ਆਪਣੇ ਵਿਚਾਰ ਪ੍ਰਗਟ ਕਰੇ।

'ਲਿਖਾਰੀ' ਦੇ ਪ੍ਰਬੰਧਕਾਂ ਨੇ ਫੈਸਲਾ ਕੀਤਾ ਹੈ ਕਿ 'ਲਿਖਾਰੀ' ਦੇ ਕਾਲਮਾਂ ਵਿਚ ਹਰ ਇਕ ਪੁਸਤਕ ਬਾਬਤ ਰੀਵੀਊ ਨੂੰ ਥਾਂ ਮਿਲੇ। ਸਾਨੂੰ ਪੂਰਨ ਆਸ ਹੈ ਕਿ ਲਿਖਾਰੀ ਤੇ ਪ੍ਰਕਾਸ਼ਕ ਇਸ ਸਾਹਿੱਤ-ਸੇਵਾ ਵਿਚ ਸਾਡਾ ਹੱਥ ਵਟਾਉਣਗੇ।

'ਲਿਖਾਰੀ' ਵਿਚ ਛਪੇ ਖ਼ਿਆਲਾਂ ਤੋਂ ਉਲਟ ਰਾਏ ਰਖਣ ਵਾਲੇ ਸਜਣਾਂ ਨੂੰ ਵੀ 'ਲਿਖਾਰੀ' ਜੀਉ ਆਇਆਂ ਆਖੇਗਾ। ਸਾਹਿੱਤ ਬਾਬਤ ਜਾਂ ਸਾਡੇ ਲਿਖੇ ਦੇ ਉਲਟ ਲਿਖਣ ਵਾਲੇ ਸੱਜਣਾਂ ਦੇ ਖ਼ਿਆਲ ਅਸੀਂ ਸਤ ਵੇਰੀ ਛਾਪਣ ਨੂੰ ਤਿਆਰ ਹਾਂ ਤੇ ਇਸ ਤਰ੍ਹਾਂ ਸਾਨੂੰ ਹੌਂਸਲਾ ਹੋਵੇਗਾ ਕਿ ਸਾਡੀ ਚਲਾਈ ਲਹਿਰ ਸਿਰੇ ਚੜ੍ਹ ਰਹੀ ਹੈ। ਇਸ ਨੁਕਤਾਚੀਨੀ ਦਾ ਲਾਭ ਇਹ ਹੋਵੇਗਾ ਕਿ ਸਾਹਿੱਤ ਵਿਚ ਅੰਧਾ-ਧੁੰਦ ਪੈਣ ਤੋਂ ਬਚਾ ਰਹੇਗਾ। ਪੁਰਾਣੇ ਸਾਹਿੱਤ ਦੀ ਖੋਜ ਹੋ ਕੇ ਉਸ ਵਿਚੋਂ ਚੋਣਵੇਂ ਰਤਨ ਦੁਨੀਆਂ ਦੇ ਸਾਹਮਣੇ ਆਉਣਗੇ। ਉਹ ਖ਼ੂਬੀਆਂ ਨਵੇਂ ਲਿਖਾਰੀਆਂ ਵਿਚ ਆ ਜਾਣਗੀਆਂ। ਉਨ੍ਹਾਂ ਦੀਆਂ ਤਰੁੱਟੀਆਂ ਤੋਂ ਬਚਣ ਦਾ ਅਸੀਂ ਜਤਨ ਕਰਾਂਗੇ। ਇਸ ਤਰ੍ਹਾਂ ਸਾਡਾ ਸਾਹਿੱਤ ਮਾਂਜਿਆ ਜਾਵੇਗਾ ਤੇ ਅਗੋਂ ਨੂੰ ਜੋ ਚੀਜ਼ ਬਣੇਗੀ ਚੰਗੀ ਬਣੇਗੀ ਤੇ ਇਸ ਤਰ੍ਹਾਂ ਸਾਹਿੱਤਕ ਪੜਚੋਲ ਲਈ ਮੈਦਾਨ ਖੁਲ੍ਹਗਾ।"

('ਲਿਖਾਰੀ'—ਜਨਵਰੀ, ੧੯੩੪)

'ਲਿਖਾਰੀ' ਦੇ ਇਕ ਪਰਚੇ ਵਿਚ ਛਪੀ ਕੁਝ ਟੀਕਾ ਟਿਪਣੀ ਨੇ ਭਾਈ ਵੀਰ ਸਿੰਘ ਜੀ ਨੂੰ ਵੀ ਇਸ ਸੰਬੰਧ ਵਿਚ ਕੁਝ ਲਿਖਣ ('ਖਾਲਸਾ ਸਮਾਚਾਰ' ਵਿਚ) ਲਈ ਪਰੇਰਿਆ। ਅਤੇ ਡਾ. ਬਲਬੀਰ ਸਿੰਘ ਜੀ ਨੂੰ ਪੰਜਾਬੀ ਸਮਾਲੋਚਨਾ ਦੇ ਇਤਿਹਾਸ ਵਿਚ ਭਰਵੇਂ ਤੁਲਨਾਤਮਕ ਅਧਿਐਨ ਲਈ ਨਵੀਆਂ ਪੈੜਾਂ ਪਾਉਂਦਾ 'ਪੰਜਾਬੀ ਦੀ ਤਨਕੀਦੀ ਕੋਸ਼ਿਸ਼ਾਂ' ਨਾਂ ਦਾ ਇਕ ਲੰਮੇਰਾ ਤੇ

ਲਾਭਦਾਇਕ ਲੇਖ ਲਿਖਣ ਲਈ ਉਤੇਜਿਤ ਕੀਤਾ। ਇਸ ਰਿਸਾਲੇ ਨੇ ਪੰਜਾਬੀ ਸਾਹਿਤਕਾਰਾਂ (ਜਿਵੇਂ ਪ੍ਰੋ. ਪੂਰਨ ਸਿੰਘ ਤੇ ਭਾ. ਵੀਰ ਸਿੰਘ) ਦੇ ਜੀਵਨ, ਰਚਨਾ ਤੇ ਕਲਾ ਸੰਬੰਧੀ 'ਖਾਸ ਅੰਕ' ਛਾਪਣ ਦੀ ਵੀ ਪਿਰਤ ਪਾਈ। ਅਜੇਹੇ ਰਿਸਾਲਿਆਂ ਦਾ ਛੋਹਿਆ ਕੰਮ ੧੯੩੮ ਵਿਚ 'ਕੋਮਲ ਸੰਸਾਰ', ੧੯੩੯ ਵਿਚ 'ਪੰਜ ਦਰਿਆ' ਤੇ ੧੯੪੨ ਵਿਚ 'ਪੰਜਾਬੀ ਸਾਹਿਤ' ਨੇ ਸੰਭਾਲਿਆ। ੧੯੪੭ ਦੇ ਘਲੂਘਾਰੇ ਪਿਛੋਂ ਜਿਥੇ 'ਲੋਕ ਸਾਹਿੱਤ' (੧੯੫੦), 'ਕਹਾਣੀ' (੧੯੫੧) ਤੇ 'ਕਵਿਤਾ' (੧੯੫੨) ਨਾਂ ਹੇਠ ਆਪੋ ਆਪਣੇ ਖੇਤਰ ਦੀ ਉਚੇਰੀ ਉੱਨਤੀ ਲਈ ਕੁਝ ਉਚੇਰੇ ਮਾਸਕ-ਪੱਤਰ ਜਾਰੀ ਹੋਏ, ਉਥੇ 'ਪੰਜਾਬੀ ਦੁਨੀਆ' (੧੯੫੦), 'ਸਾਹਿਤ ਸਮਾਚਾਰ' (੧੯੫੧) ਤੇ 'ਆਲੋਚਨਾ' (੧੯੫੫) ਦੇ ਚਾਲੂ ਹੋਣ ਨਾਲ ਸਾਹਿੱਤਕ ਪਰਖ-ਪੜਚੋਲ ਨੂੰ ਵੀ ਨਵਾਂ ਸਾਹ, ਰਾਹ ਤੇ ਉਤਸ਼ਾਹ ਮਿਲਿਆ। ਇਨ੍ਹਾਂ ਦਾ ਮੁਖ ਮੰਤਵ ਹੀ ਪੰਜਾਬੀ ਸਾਹਿੱਤ ਦੀ ਆਲੋਚਨਾ ਤੇ ਖੋਜ-ਪੜਚੋਲ ਹੋਣ ਕਰਕੇ, ਪਜਾਬੀ ਸਮੀਖਿਆ ਨੂੰ ਛਾਲੀਂ ਵਧਣ ਦਾ ਮੌਕਾ ਮਿਲ ਗਿਆ। ਇਨ੍ਹਾਂ ਦੇ ਵਾਰਸ਼ਕ ਤੇ ਸਪੈਸ਼ਲ ਅੰਕਾਂ ਨੇ ਜਿਥੇ ਪੁਰਾਣੇ ਪਾਰਖੂਆਂ ਨੂੰ ਹੋਰ ਲਿਖਣ ਲਈ ਪਰੇਰਿਆ, ਉਥੇ ਨਵੇਂ ਪੋਚਾਂ ਦਾ ਝਾਕਾ ਖੋਲ੍ਹ ਕੇ ਆਲੋਚਕਾਂ ਦੀ ਗਿਣਤੀ ਵਧਾਈ, ਅਤੇ ਪੰਜਾਬੀ ਸਮਾਲੋਚਨਾ ਦਾ ਅੰਦਰ-ਬਾਹਰ ਭਰਨਾ ਸ਼ੁਰੂ ਕਰ ਦਿਤਾ। ਨਾਲੇ ਆਲੋਚਨਾ ਦੀਆਂ ਨਵੀਆਂ ਲੀਹਾਂ ਪਾਈਆਂ ਅਤੇ ਵਾਦ-ਵਿਵਾਦ ਤੇ ਸਮਾਲੋਚਨਕ ਵਿਚਾਰ-ਵਟਾਂਦਰੇ ਲਈ ਰਾਹ ਮੋਕਲਾ ਕੀਤਾ।

ਰੇਡੀਓ ਦੇ ਮਾਧਿਅਮ ਨੇ ਵੀ ਪੰਜਾਬੀ ਆਲੋਚਨਾ ਨੂੰ ਚੋਖੀ ਉਤੇਜਨਾ ਦਿੱਤੀ। ਇਸ ਤੋਂ ਪਰਸਾਰੇ ਜਾਂਦੇ ਰਹੇ ਕਥਨਾਂ ਤੇ ਰੀਵੀਊਆਂ ਨੇ ਨਵੇਂ ਪੁਰਾਣੇ ਪੰਜਾਬੀ ਸਾਹਿੱਤ ਦੇ ਸਰਵੇਖਣ ਤੇ ਮੁਲਾਂਕਣ ਲਈ ਬੜਾ ਲਾਭਦਾਇਕ ਕੰਮ ਕੀਤਾ।

ਪੰਜਾਬੀ ਯੂਨੀਵਰਸਿਟੀ ਦੇ ਪਬਲੀਕੇਸ਼ਨ ਬਿਓਰੋ (੧੯੪੮) ਤੇ ਪੰਜਾਬ ਸਰਕਾਰ ਦੇ ਪੰਜਾਬੀ ਮਹਿਕਮੇ (੧੯੪੯) ਦੀ ਸਥਾਪਨਾ ਨਾਲ, ਪੰਜਾਬੀ ਪਰਖ-ਪੜਚੋਲ ਨੇ ਕੁਝ ਹੋਰ ਯਾਦਗਾਰੀ ਲਾਂਘਾ ਪੁਟੀਆਂ। ਪਰਖ ਤੇ ਇਤਿਹਾਸ ਲਿਖਣ ਲਈ ਲੁੜੀਂਦੀ ਤੱਥਾਤਮਕ ਵਾਕਫ਼ੀ ਦੇਣ ਲਈ ਸਾਹਿੱਤਕ ਕਿਰਤਾਂ ਦਾ ਵਿਗਿਆਨਕ ਤੇ ਨਿਰਪੱਖ ਸੰਪਾਦਨ ('ਸੋਚ ਵਿਚਾਰ', 'ਚੋਣਵੇਂ ਇਕਾਂਗੀ', 'ਪੁਰਾਣਾ ਮਾਖਿਉਂ', 'ਚੋਣਵੀਂ ਗੱਦ', 'ਸੰਝ ਸਵੇਰਾਂ' ਤੇ 'ਰੰਗ ਬਰੰਗੀਆਂ' ਆਦਿ) ਅਤੇ ਹਵਾਲਾ-ਪੁਸਤਕਾਂ ('ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ', 'ਪੰਜਾਬੀ ਪਤਰ-ਕਲਾ', 'ਪੰਜਾਬੀ ਪ੍ਰਕਾਸ਼ਨਾਂ ਦੀ ਸੂਚੀ', Panjabi Literature ਆਦਿ), ਸਮਾਲੋਚਨਕ ਗੋਸ਼ਟੀਆਂ, ਸਾਹਿਤਕ ਮੁਕਾਬਲਿਆਂ ਤੇ ਸਾਹਿੱਤਕ ਸਮੇਲਨਾਂ ਦਾ ਤਾਣਾ ਤਣੀਣ ਲਗ ਪਿਆ। ਪੰਜਾਬੀ ਸਭਾਵਾਂ, ਸਟੱਡੀ-ਸਰਕਲਾਂ, 'ਭਾਰਤੀ ਸਾਹਿੱਤ ਅਕਾਡਮੀ', 'ਪਜਾਬੀ ਸਾਹਿਤ ਅਕਾਡਮੀ', 'ਕੇਂਦਰੀ ਪੰਜਾਬੀ ਲੇਖਕ ਸਭਾ' ਤੇ 'ਪੰਜਾਬੀ ਸਮੀਖਿਆ ਬੋਰਡ' ਆਦਿ ਨੇ ਵੀ ਆਪੋ ਆਪਣੇ ਵਿਤ ਅਨੁਸਾਰ, ਹਿਸਾ ਪਾਉਣਾ ਸ਼ੁਰੂ ਕਰ ਦਿਤਾ। ਲਾਲਾ ਧਨੀ ਰਾਮ ਚਾਤ੍ਰਿਕ, ਭਾਈ ਵੀਰ ਸਿੰਘ ਤੇ ਪ੍ਰਿੰਸੀਪਲ ਤੇਜਾ ਸਿੰਘ ਨੂੰ ਦਿਤੇ ਗਏ ਅਭਿਨੰਦਨ-ਗ੍ਰੰਥਾਂ ਅਤੇ ਕੁਝ ਪਤਵੰਤ ਸਾਹਿਤਕਾਰਾਂ ਨੂੰ ਦਿਤੇ ਜਾਂਦੇ

ਰਹੇ ਸਨਮਾਨ-ਪੱਤਰ ਤੇ ਪ੍ਰਸ਼ੰਸਾਤਮਕ ਕਿਤਾਬੜੀਆਂ ਵਿਚ ਪਜਾਬੀ ਪਰਖ-ਪੜਚੋਲ ਨੂੰ ਨਵਾਂ ਪਿੜ ਮਿਲਿਆ।

ਰਹਿੰਦੀ ਕਸਰ ਪੰਜਾਬੀ ਦੀ ਉਚੇਰੀ ਪੜ੍ਹਾਈ ਤੇ ਖੋਜ-ਭਾਲ* ਦੇ ਆਰੰਭ ਨੇ ਪੂਰਨੀਂ ਸ਼ੁਰੂ ਕਰ ਦਿਤੀ। ਪੰਜਾਬੀ ਦੇ ਐਮ. ਏ. ਚਾਲੂ ਹੁੰਦਿਆਂ ਹੀ, ਪੰਜਾਬੀ ਵਿਦਿਆਰਥੀਆਂ, ਅਧਿਆਪਕਾਂ, ਵਿਦਵਾਨਾਂ, ਆਲੋਚਕਾਂ, ਸਰਪਰਸਤਾਂ ਤੇ ਸ਼ੁਭ-ਇੱਛਕਾਂ ਦਾ ਧਿਆਨ ਇਸ ਦੀ ਇਕ ਅਤਿ ਜ਼ਰੂਰੀ ਤੇ ਫ਼ੌਰੀ ਲੋੜ ਪੂਰੀ ਕਰਨ ਵਲ ਕੇਂਦਰਿਤ ਹੋ ਗਿਆ। ਲੁੜੀਂਦੇ ਆਲੋਚਨਾਤਮਕ ਤੇ ਤੁਲਨਾਤਮਕ ਸਾਹਿੱਤ ਦੀ ਭਾਰੀ ਥੁੜ੍ਹ ਨੇ ਸਾਰਿਆਂ ਨੂੰ ਸੋਚੀਂ ਪਾ ਦਿਤਾ। ਜਿਸ ਅੰਗਰੇਜ਼ੀ ਦੀ ਵੇਖਾ-ਵੇਖੀ ਇਹ ਸ਼ੁਭ ਕਦਮ ਚੁਕਿਆ ਗਿਆ, ਉਸ ਵਿਚ ਤਾਂ ਇਕੱਲੇ ਇਕੱਲੇ ਲੇਖਕ ਬਾਰੇ ਦਰਜਨਾਂ ਆਲੋਚਨਾਤਮਕ ਤੇ ਤੁਲਨਾਤਮਕ ਅਧਿਐਨ ਵਾਲੀਆਂ ਪੁਸਤਕਾਂ ਤੇ ਰਿਸਾਲੇ ਮੌਜੂਦ ਸਨ। ਪਰ ਪੰਜਾਬੀ ਦੀ ਗ਼ਰੀਬੀ ਦਾ ਹਾਲ ਇਹ ਸੀ (ਬਹੁਤ ਸਾਰੀਆਂ ਹੋਰ ਪ੍ਰਾਂਤਕ ਬੋਲੀਆਂ ਵਾਂਗ) ਕਿ ਹੋਰ ਤਾਂ ਹੋਰ, ਨਿਯਤ ਕੀਤੇ ਗਏ ਲੇਖਕਾਂ ਦੀਆਂ ਜੀਵਨੀਆਂ ਤੇ ਰਚਨਾਵਲੀਆਂ ਵੀ ਅਲੱਭ ਜਾਂ ਦੁਰਲੱਭ ਸਨ। ਪਰ ਇਹ ਜੋ ਕਹਿੰਦੇ ਹਨ ਕਿ 'ਜਿਥੇ ਚਾਹ, ਉਥੇ ਰਾਹ'— ਇਹੋ ਚਾਹ ਹੀ ਰਾਹ ਬਣ ਨਿਬੜੀ ਤੇ ਇਸ ਫ਼ੌਰੀ ਲੋੜ ਨੇ ਜਿਥੇ ਨਿਰੋਲ ਆਲੋਚਨਾਤਮਕ ਰਿਸਾਲਿਆਂ ਨੂੰ ਜਨਮ ਦਿਤਾ, ਉਥੇ ਹਰ ਸਾਹਿੱਤਕ ਰੂਪ, ਰੁਚੀ, ਸਿਧਾਂਤ ਤੇ ਪਰਮੁਖ ਸਾਹਿੱਤਕਾਰ ਬਾਰੇ ਲੇਖ ਲਿਖੀਣੇ ਵੀ ਸ਼ੁਰੂ ਹੋ ਪਏ। ਇਹ ਲਹਿਰ ਇਤਨੀ ਤੇਜ਼ੀ ਨਾਲ ਚਲੀ ਕਿ ਕੁਝ ਕੁ ਵਰ੍ਹਿਆਂ ਵਿਚ ਹੀ ਪੰਜਾਬੀ ਕਵਿਤਾ ('ਭਾਈ ਗੁਰਦਾਸ', 'ਮੋਹਨ ਸਿੰਘ ਦੀ ਕਾਵਿ-ਕਲਾ', 'ਚਾਤ੍ਰਿਕ ਦੀ ਕਾਵਿ-ਕਲਾ', 'ਅਮ੍ਰਿਤਾ ਪ੍ਰੀਤਮ ਦੀ ਕਾਵਿ-ਕਲਾ', 'ਪੰਜਾਬੀ ਕਾਵਿ ਦਾ ਕਲਾ-ਪੱਖ', 'ਪੁਰਾਤਨ ਪੰਜਾਬੀ ਕਵਿਤਾ ਦਾ ਵਿਕਾਸ਼', 'ਪੰਜਾਬੀ ਕਵਿਤਾ—ਪਰੰਪਰਾ ਤੇ ਵਿਕਾਸ', 'ਆਧੁਨਿਕ ਪੰਜਾਬੀ ਕਾਵਿ', 'ਭਾਈ ਵੀਰ ਸਿੰਘ—ਸਾਹਿੱਤਕ ਅਧਿਐਨ', 'ਮੋਹਨ ਸਿੰਘ ਤੇ ਉਸ ਦੀ ਕਵਿਤਾ', 'ਪੰਜਾਬੀ ਕਵਿਤਾ ਦੇ ਸੌ ਸਾਲ', 'ਸਾਹਿੱਤਆਰਥ', 'ਸਤ ਸਿਤਾਰੇ', 'ਸ੍ਰੀ ਗੁਰੂ ਗਰੰਥ ਸਾਹਿਬ ਦੀ ਸਾਹਿਤਕ ਵਿਸ਼ੇਸ਼ਤਾ', 'ਮਹਿਕਦੇ ਫੁੱਲ', 'ਅਜੋਕੀ ਪੰਜਾਬੀ ਕਵਿਤਾ ਤੇ ਕਾਵਿ—ਅਧਿਐਨ' ਆਦਿ), ਪੰਜਾਬੀ ਨਾਟਕ ('ਪੰਜਾਬੀ ਨਾਟਕਕਾਰ', 'ਆਧੁਨਿਕ ਪੰਜਾਬੀ ਨਾਟਕ', 'ਹਰਚਰਨ ਸਿੰਘ ਦੀ ਨਾਟਕ-ਕਲਾ', 'ਨਾਟਕ ਸਿਧਾਂਤ ਤੇ ਪੰਜਾਬੀ ਨਾਟਕਾਰ' ਆਦਿ), ਪੰਜਾਬੀ ਗਲਪ

---

*ਜਿਵੇਂ:—'ਵਰਤਮਾਨ ਪੰਜਾਬੀ ਸਾਹਿੱਤ ਦੀਆਂ ਰੁਚੀਆਂ' (ਅਣਛਪੀ)—ਡਾ. ਗੋਪਾਲ ਸਿੰਘ, 'ਸੱਸੀ-ਹਾਸ਼ਮ' (ਪਹਿਲੀ ਛਾਪ ੧੯੫੬),—ਹਰਨਾਮ ਸਿੰਘ ਸ਼ਾਨ, 'ਗੁਰੂ ਗਰੰਥ ਸਾਹਿਬ' (ਅਣਛਪੀ)—ਡਾ. ਸੁਰਿੰਦਰ ਸਿੰਘ ਕੋਹਲੀ, 'ਹੀਰ ਵਾਰਸ' (ਅਣਛਪੀ)—ਡਾ. ਜੀਤ ਸਿੰਘ ਸੀਤਲ, 'ਕਵੀ ਗੁਰੂ ਨਾਨਕ' (ਅਣਛਪੀ)—ਡਾ. ਤਾਰਨ ਸਿੰਘ।

---

‡ਇਸ ਸੰਬੰਧੀ ਪਹਿਲ ਕਰਨ ਦਾ ਸਿਹਰਾ ਪ੍ਰੋ. ਪਿਆਰਾ ਸਿੰਘ ਗਿੱਲ, ਕਰਤਾ ਨਾਟਕ ਰੁਤਨਾਕਰ' (੧੯੩੩ ਈ.) ਦੇ ਸਿਰ ਹੈ।

('ਪਜਾਬੀ ਗਲਪਕਾਰ', 'ਪੰਜਾਬੀ ਨਾਵਲਕਾਰ', ਨਾਵਲ-ਕਲਾ ਤੇ ਪੰਜਾਬੀ ਨਾਵਲਕਾਰ', 'ਪੰਜਾਬੀ ਕਹਾਣੀ ਦਾ ਵਿਕਾਸ', 'ਪਜਾਬੀ ਕਹਾਣੀਕਾਰ', 'ਸਮਕਾਲੀ ਪੰਜਾਬੀ ਕਹਾਣੀ', ਪੰਜਾਬੀ ਨਾਵਲ', 'ਪੰਜਾਬੀ ਕਹਾਣੀ' ਆਦਿ) ਅਤੇ **ਪੰਜਾਬੀ ਵਾਰਤਕ** ('ਆਧੁਨਿਕ ਗੱਦਕਾਰ' ਆਦਿ) ਬਾਰੇ ਨਿੱਤ-ਨਵੀਆਂ ਆਲੋਚਨਾਤਮਕ ਪੁਸਤਕਾਂ ਲਿਖੀਣ ਤੇ ਛਪੀਣ ਲਗ ਪਈਆਂ। ਭਾ. ਵੀਰ ਸਿੰਘ, ਪ੍ਰੋ. ਪੂਰਨ ਸਿੰਘ, ਪ੍ਰਿੰ. ਜੋਧ ਸਿੰਘ, ਪ੍ਰਿੰ. ਤੇਜਾ ਸਿੰਘ, ਡਾ. ਮੋਹਨ ਸਿੰਘ, ਡਾ. ਬਲਬੀਰ ਸਿੰਘ, ਪ੍ਰਿੰ. ਗੁਰਬਚਨ ਸਿੰਘ ਤਾਲਿਬ, ਪ੍ਰੋ. ਸੰਤ ਸਿੰਘ ਸੇਖੋਂ, ਸ. ਕਰਤਾਰ ਸਿੰਘ ਦੁਗਲ, ਡਾ. ਗੋਪਾਲ ਸਿੰਘ, ਪ੍ਰੋ. ਕਿਰਪਾਲ ਸਿੰਘ ਕਸੇਲ, ਸ. ਕਪੂਰ ਸਿੰਘ, ਪ੍ਰਿੰ. ਹਰਬੰਸ ਸਿੰਘ, ਪ੍ਰੋ. ਸੁਜਾਨ ਸਿੰਘ, ਪ੍ਰੋ. ਪ੍ਰੀਤਮ ਸਿੰਘ, ਸ੍ਰ. ਪਿਆਰਾ ਸਿੰਘ ਪਦਮ. ਸ. ਅਵਤਾਰ ਸਿੰਘ ਅਜ਼ਾਦ ਆਦਿ ਦੇ ਸੰਪਾਦਿਤ ਸਾਹਿੱਤ-ਸੰਗ੍ਰਹਾਂ ਤੇ ਮੌਲਿਕ ਪੁਸਤਕਾਂ ਲਈ ਲਿਖੇ ਗਏ ਮੁਖ-ਬੰਦ ਵੀ ਲੁੜੀਂਦੀ ਸਮਾਲੋਚਨਕ ਸਾਮਗਰੀ ਦਾ ਸੋਮਾ ਬਣਨ ਲਗ ਪਏ।

ਜਿਥੋਂ ਤਕ ਸਾਹਿੱਤ ਦੇ ਰੂਪਾਂ, ਰੁਚੀਆਂ ਤੇ ਸਿਧਾਂਤਾਂ ਦਾ ਸਬੰਧ ਹੈ, ਉਹ ਵੀ ਅੱਖੋਂ ਉਹਲੇ ਨਾ ਰਹੇ। ਇਸ ਬੰਨੇ ਲੁੜੀਂਦੀ ਪਹਿਲ ਪ੍ਰੋ. ਹਰਦਿਆਲ ਸਿੰਘ ਹੁਰਾਂ ਕੀਤੀ ਅਤੇ 'ਪੰਜਾਬੀ ਸਾਹਿੱਤ-ਵਿਚਾਰ ਤੇ ਰੂਪ' ਅਤੇ 'ਸਾਹਿੱਤ ਸਿਖਿਆ' ਪ੍ਰਕਾਸ਼ਤ ਕਰਵਾਈਆਂ। ਉਪਰੰਤ ਡਾ. ਸੁਰਿੰਦਰ ਸਿੰਘ ਕੋਹਲੀ ('ਪੰਜਾਬੀ ਸਾਹਿੱਤ ਵਸਤੂ ਤੇ ਵਿਚਾਰ'), ਡਾ. ਗੋਪਾਲ ਸਿੰਘ ('ਸਾਹਿੱਤ ਦੀ ਪਰਖ') ਪ੍ਰੋ. ਕਿਰਪਾਲ ਸਿੰਘ ਕਸੇਲ ਤੇ ਪ੍ਰੋ. ਪ੍ਰਮਿੰਦਰ ਸਿੰਘ ('ਸਾਹਿੱਤ ਦੇ ਰੂਪ') ਪ੍ਰੋ. ਗੁਰਚਰਨ ਸਿੰਘ ('ਸਾਹਿੱਤ ਦੀ ਰੂਪ-ਰੇਖਾ') ਡਾ. ਰੋਸ਼ਨ ਲਾਲ ਆਹੂਜਾ ਤੇ ਪ੍ਰੋ. ਗੁਰਦਿਆਲ ਸਿੰਘ ਫੁੱਲ ('ਸਾਹਿੱਤ ਦੇ ਮੁਖ-ਰੂਪ') ਇਤਿਆਦਿ ਨੇ ਆਪੋ ਆਪਣਾ ਹਿੱਸਾ ਪਾ ਕੇ ਇਸ ਲੋੜ ਨੂੰ ਵੀ ਪੂਰਾ ਕਰਨ ਦਾ ਜਤਨ ਕੀਤਾ।

ਇਨੇ ਨੂੰ ਆਲੋਚਨਾ ਦੀ ਪਰੰਪਰਾ ਤੇ ਉਸ ਦੇ ਸਿਧਾਂਤਾਂ ਬਾਰੇ ਵੀ ਲੁੜੀਂਦੀ ਜਾਣਕਾਰੀ ਪ੍ਰਾਪਤ ਕਰਨ ਦਾ ਅਹਿਸਾਸ ਪੈਦਾ ਹੋ ਗਿਆ। ਇਸ ਮੰਗ ਨੂੰ ਪੂਰਾ ਕਰਨ ਦੀ ਪਹਿਲ ਡਾ. ਸ਼ੇਰ ਸਿੰਘ ਨੇ 'ਸਾਹਿੱਤ ਸਮਾਲੋਚਨਾ' (੧੯੫੨) ਲਿਖ ਕੇ ਕੀਤੀ। ਮਗਰੋਂ ਡਾ. ਰੋਸ਼ਨ ਲਾਲ ਆਹੂਜਾ ਨੇ ੧੯੫੭ ਵਿਚ 'ਆਲੋਚਨਾ ਦੇ ਸਿਧਾਂਤ' ਤੇ ੧੯੬੦ ਵਿਚ 'ਪਛਮੀ ਆਲੋਚਨਾ ਦੀ ਪਰੰਪਰਾ' ਪ੍ਰਕਾਸ਼ਤ ਕਰਕੇ ਪਜਾਬੀ ਪਾਠਕਾਂ ਤੇ ਆਲੋਚਕਾਂ ਨੂੰ ਰਿਣੀ ਬਣਾਇਆ।

੧੦

ਪੰਜਾਬੀ ਆਲੋਚਨਾ ਜਦੋਂ ਉਕਤ ਸ਼ਖਸੀਅਤਾਂ, ਸਾਧਨਾਂ ਤੇ ਸਬੱਬਾਂ ਸਦਕੇ ਆਪਣਾ ਸਿਰ ਚੁਕ ਰਹੀ ਸੀ, ਉਦੋਂ ਪ੍ਰੋ. ਸੰਤ ਸਿੰਘ ਸੇਖੋਂ ਵੀ ਇਸ ਦੇ ਖੇਤਰ ਵਿਚ ਆ ਸ਼ਾਮਲ ਹੋਏ। ਉਨ੍ਹਾਂ ਦੇ ਪਰਵੇਸ਼ ਤੋਂ ਪਹਿਲਾਂ, ਡਾ. ਗੋਪਾਲ ਸਿੰਘ ਸਾਂਵੀਂ ਤੇ ਸੁਚੱਜੀ ਆਲੋਚਨਾ ਦੀ ਲੀਹ ਪੱਕੇਰੀ ਕਰ ਚੁਕੇ ਸਨ। ਇਸ ਨੂੰ ਪੱਛਮੀ ਪੈੜਾਂ ਉਤੇ ਸੁੱਖੜ ਖਲ੍ਹਾਰ ਕੇ ਇਸ ਦਾ ਵਿਗਿਆਨਕ ਰੰਗ, ਰੂਪ ਤੇ ਰੁਚੀ ਵੀ ਨਿਖਾਰ ਚੁਕੇ ਸਨ। ਸੇਖੋਂ ਜੀ ਦੀ ਆਵੰਦ ਨਾਲ ਇਸ ਨੇ ਇਕ ਹੋਰ ਰੰਗ,

ਬਦਲਿਆ ਅਤੇ ਅਜੋਕੀ ਚੇਤੰਨ ਸਿਰਜਨਾ ਦੇ ਨਾਲ ਚੇਤੰਨ ਹੋ ਕੇ, ਕਦਮ ਮੇਚਣਾ ਸ਼ੁਰੂ ਕਰ ਦਿਤਾ। ਉਨ੍ਹਾਂ ਤੇ ਉਨ੍ਹਾਂ ਦੇ ਕੁਝ ਨਿਕਟ-ਸਮਕਾਲੀਆਂ ਪ੍ਰੋ. ਸੁਰਿੰਦਰ ਸਿੰਘ ਨਰੂਲਾ, ਪ੍ਰੋ. ਗੁਰਚਰਨ ਸਿੰਘ ਤੇ ਪ੍ਰੋ, ਕਿਸ਼ਨ ਸਿੰਘ ਆਦਿ ਨੇ ਪਛਮੀ ਤੇ ਪੂਰਬੀ ਪਰਖ-ਸਾਹਿੱਤ ਦਾ ਮੁਤਾਲਾ ਕਰ ਕੇ ਅਤੇ ਸਮਾਲੋਚਨਾ ਦੀਆਂ ਨਵੀਆਂ ਕੀਮਤਾਂ ਲੱਭ ਕੇ, ਪਜਾਬੀ ਵਿਚ ਪ੍ਰਚਲਤ ਕਰਨ ਦਾ ਜਤਨ ਕੀਤਾ। ਫਿਰ ਸਾਹਿੱਤ ਨੂੰ ਸਮਾਜਕ, ਆਰਥਕ ਤੇ ਰਾਜਨੀਤਕ ਵਿਚਾਰ-ਧਾਰਾ ਦਾ ਪਿਛੋਕੜ ਦੇ ਕੇ ਅਤੇ ਸਮੇਂ ਦੀਆਂ ਪਰਚਲਤ ਲਹਿਰਾਂ ਤੇ ਪਰਭਾਵਾਂ ਦੇ ਚੌਖਟੇ ਵਿਚ ਜੜ੍ਹ ਕੇ, ਉਸ ਨੂੰ ਕਈ ਪੱਖੋਂ ਪਰਖਣ ਤੇ ਪੜਚੋਲਣ ਦੀ ਲੀਹ ਵੀ ਪਾ ਦਿਤੀ।

## ੧੧

ਅਜਿਹੇ ਸਭ ਜਤਨਾਂ ਦਾ ਨਤੀਜਾ ਇਹ ਨਿਕਲਿਆ ਹੈ ਕਿ ਪੰਜਾਬੀ ਸਸਾਲੋਚਨਾ ਹੁਣ ਇਕ ਨਿਖੜਵੇਂ ਜਹੇ ਰੂਪ ਵਿਚ ਸੁਖੜ ਹੋ ਕੇ ਖਲੋਣ-ਯੋਗ ਹੋ ਗਈ ਹੈ। ਇਹ ਹੁਣ ਸਲੋਕੀ ਟਿਪਣੀਆਂ, ਕਿੱਸੇਈ ਟੂਕਾਂ, ਕਿਤਾਬੀ ਭੂਮਿਕਾਂ, ਅਖ਼ਬਾਰੀ ਰੀਵੀਊਆਂ, ਰੇਡੀਓ ਕਥਨਾਂ, ਵਿੱਕੋਲਿਤਰੇ ਲੇਖਾਂ ਅਤੇ ਸਾਹਿੱਤ ਸਭਾਵਾਂ ਦੇ ਪਰ੍ਹਿਆਂ ਵਿੱਚੋਂ ਖੇਡਦੀ ਮੇਲ੍ਹਦੀ ਬਾਹਰ ਨਿਕਲ ਕੇ ਸੰਪੂਰਨ ਕਿਤਾਬਾਂ ਤੇ 'ਟਹਿਕਦੇ' ਸੈਮੀਨਰਾਂ ਦੇ ਰੂਪ ਵਿਚ ਆ ਵਿਦਮਾਨ ਹੋਈ ਹੈ। ਇਸ ਦੀ ਰੁਚੀ ਯਥਾਰਥਵਾਦੀ, ਰੰਗ ਦਾਰਸ਼ਨਿਕ ਤੇ ਰੂਪ ਮਨੋਵਿਗਿਆਨਕ ਬਣਦਾ ਜਾ ਰਿਹਾ ਹੈ। ਕਾਰਨ ਇਹ ਹੈ ਕਿ ਸਾਹਿੱਤ ਜੀਵਨ ਦਾ ਅਧਿਐਨ ਤੇ ਆਲੋਚਨਾ ਸਾਹਿੱਤ ਦਾ ਅਧਿਐਨ ਹੁੰਦੀ ਹੈ। ਸਾਡੇ ਆਧੁਨਿਕ ਸਾਹਿੱਤ ਦਾ ਝੁਕਾ ਵੀ ਕਿਉਂਕਿ ਵਧੇਰੇ ਮਨੋਵਿਗਿਆਨਕ ਹੀ ਹੁੰਦਾ ਜਾ ਰਿਹਾ ਹੈ, ਇਸ ਲਈ ਸਾਡੀ ਆਧੁਨਿਕ ਆਲੋਚਨਾ ਵੀ ਉਸੇ ਪੈੜ ਤੇ ਤੁਰਨ ਲਗ ਪਈ ਹੈ। ਇਸ ਦੀ ਰੁਚੀ ਤੇ ਰੂਪ ਤੋਂ ਛੁਟ, ਇਸ ਦੇ ਆਸ਼ੇ ਵਿਚ ਵੀ ਚੋਖੀ ਤਬਦੀਲੀ ਹੋ ਗਈ ਹੈ। ਅਜੋਕੇ ਆਲੋਚਨਾ ਨੂੰ ਭੂਤ, ਵਰਤਮਾਨ ਅਤੇ ਭਵਿੱਖ ਤਿੰਨਾਂ ਦੀ ਚਿਤਾ ਹੈ, ਜਿਸ ਕਰਕੇ ਅਜੋਕੀ ਆਲੋਚਨਾ ਸਿਰਜਨਾ ਦੇ ਸਾਰੇ ਪਿਛੋਕੜ ਉਤੇ ਝਾਤ ਪਾਉਣ ਲਗ ਪਈ ਹੈ ਅਤੇ ਰਚਨਾ ਨੂੰ ਸੰਤਾਰ-ਵਿਆਪੀ ਸਮਾਜਕ, ਆਰਥਕ, ਰਾਜਨੀਤਕ ਤੇ ਸਭਿਆਚਾਰਕ ਸਮੱਸਿਆਵਾਂ ਤੇ ਅਸਲਅੀਤਾਂ ਦੇ ਪਰਸੰਨ ਰਖ ਕੇ ਵਾਚਿਆ ਜਾਣ ਲਗ ਪਿਆ ਹੈ।

ਆਧੁਨਿਕ ਸਮੀਖਿਆ ਕਿਤੇ ਕਿਤੇ ਸਿਰਜਾਨਤਮਕ ਹੋਣ ਦਾ ਸਬੂਤ ਵੀ ਦੇ ਰਹੀ ਹੈ। ਇਸ ਦਾ ਕਰਤੱਵ ਹੁਣ ਨਿਰਾ ਕਿਸੇ ਖ਼ਾਸ ਰਚਨਾ ਦਾ ਮੁਲ ਪਾਉਣਾ ਹੀ ਨਹੀਂ, ਸਗੋਂ ਸਮੁੱਚੀ ਸਿਰਜਨਾ ਨੂੰ ਜ਼ਿੰਦਗੀ ਦੀਆਂ ਬਹੁ-ਪੱਖੀ ਸਮੱਸਿਆਵਾਂ ਤੋਂ ਜਾਣੂ ਕਰਾਉਣਾ ਤੇ ਅਗੋਂ ਲਈ ਸੁਚੇਤ ਕਰਨਾ ਵੀ ਹੋ ਗਿਆ ਹੈ। ਇਹ ਤਾਂ ਆਪਣੇ ਆਪ ਵਿਚ ਇਕ ਅਜਿਹਾ ਸੁਤੰਤਰ ਜਿਹਾ ਸਾਹਿੱਤ-ਰੂਪ ਬਣਨ ਦਾ ਜਤਨ ਕਰ ਰਹੀ ਹੈ ਜੋ ਨਾਲੋ ਨਾਲ ਸਾਹਿੱਤ ਦੇ ਬਾਕੀ ਰੂਪਾਂ ਦੀ ਉਪਜ ਤੇ ਉਸਾਰੀ ਲਈ ਵੀ ਪਰੇਰਨਾ ਦਾ ਸੋਮਾ ਬਣ ਸਕੇ। ਪਜਾਬੀ ਵਾਰਤਕ ਦੀਆਂ ਕਈ ਸੁਦਰ ਵੰਨਗੀਆਂ ਹੁਣ ਆਲੋਚਨਕ ਸਾਹਿੱਤ ਵਿਚੋਂ ਵੀ ਲਭੀਆਂ ਜਾ ਸਕਦੀਆਂ ਹਨ ਅਤੇ ਕਈ ਅਲੋਚਨਾਤਮਕ ਲੇਖ ਮੌਲਿਕ ਨਿਬੰਧਾਂ ਵਜੋਂ ਵੀ ਮਾਣੇ ਜਾ ਸਕਦੇ ਹਨ।

ਪਰੰਤੂ, ਮੰਦੇ ਭਾਗੀਂ, ਅਜੋਕੀ ਆਲੋਚਨਾ ਦੇ ਆਧਾਰ, ਕਿਤੇ ਕਿਤੇ, ਕੁਝ ਨਿਜੀ ਪ੍ਰੀਤੀਭਾਵ, ਪੱਖਪਾਤ ਤੇ ਪ੍ਰੀਤੀਕਰਮ ਵੀ ਬਣਦੇ ਜਾ ਰਹੇ ਹਨ। ਕਿਤੇ ਕਿਤੇ ਤਾਂ ਰਾਜਨੀਤਕ ਵਿਚਾਰ, ਵਾਦ-ਵਿਵਾਦ, ਨਿੱਜੀ ਈਰਖਾ, ਝੋਲੀ-ਚੁਕੀ, ਮੂੰਹ-ਮੁਲਾਹਜ਼ਾ, ਮਹੰਤਪੁਣਾ, ਗੁਟਬੰਦੀ ਤੇ ਟਿਕਟਿਹਾਰਬਾਜ਼ੀ ਜਹੇ 'ਸਾਹਨ' ਵੀ ਇਸ ਦੀ ਹਰੀ ਤੇ ਨਰੋਈ ਪੈਲੀ ਵਿਚ ਖੌਰੂ ਪਾਉਂਦੇ ਨਜ਼ਰ ਆ ਰਹੇ ਹਨ। ਪਰ ਉਨ੍ਹਾਂ ਦਾ ਬਲ, ਸੌ ਵਿਸਵੇ, ਇਹ ਸੰਕਰਾਤੀ ਕਾਲ (Transitional period) ਬੀਤਣ ਨਾਲ ਹੀ ਛੁਟਕ ਜਾਏਗਾ। ਸਾਹਿੱਤ ਦੀ ਨਰੋਈ ਤੇ ਸਹਿਜ-ਸੁਭਾਵੀ ਉਪਜ ਇਸ ਨੂੰ ਵਧ ਤੋਂ ਵਧ ਨਰੋਆ ਤੇ ਨਿਰਪੱਖ, ਰਵਾਂ ਤੇ ਰੌਚਕ ਬਣਾ ਦੇਵੇਗੀ। ਫਿਰ ਇਹ ਲੇਖਕ ਤੇ ਪਾਠਕ ਲਈ ਚਾਨਣ ਤੇ ਅਗਵਾਈ, ਅਤੇ ਚਾਅ ਤੇ ਪਰੇਰਨਾ ਦਾ ਸੋਮਾ ਵੀ ਬਣ ਜਾਏਗੀ।

ਵਿਸ਼ਾਲ ਵਾਕਫੀ, ਤੁਲਨਾਤਮਕ ਅਧਿਐਨ ਤੇ ਮਨੋਵਿਗਿਆਨਕ ਦ੍ਰਿਸ਼ਟੀ, ਨਿਰਪਖ ਮੁੱਲਾਂਕਣ, ਭਰਵਾਂ ਸਰਵੇਖਣ ਤੇ ਸਾਂਵੀਂ ਪੱਕੜ, ਰਸੇ ਪੱਕੇ ਅਨੁਭਵ, ਕਲਾ ਮਈ ਸ਼ੈਲੀ ਤੇ ਲੋਕ-ਪਰਵਾਨ ਬੋਲੀ ਪੰਜਾਬੀ ਪਰਖ-ਪੜਚੋਲ ਦੀਆਂ ਕੁਝ ਬੁਨਿਆਦੀ ਮੰਗਾਂ ਹਨ, ਤੇ ਇਹ ਮੰਗਾਂ ਅਗਲਾ ਪੋਚ ਪੂਰੀਆਂ ਕਰ ਸਕੇਗਾ, ਮੇਰਾ ਨਿਸਚਾ ਹੈ।

223—13-1-61—1000—C. P. and S. Pb., Patiala.